# ਅੰਮ੍ਰਿਤ ਕੀਰਤਨ

ੴ


ਜੂਨ 2012




ਪ੍ਰੋ: ਕਰਤਾਰ ਸਿੰਘ ਜੀ ਨੂੰ ਟੈਗੋਰ ਅਕੈਡਮੀ ਰਤਨ ਅਵਾਰਡ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/–



# ਪੈਂਤੀ ਅੱਖਰੀ–ਕਾਫ਼ੀਆਂ

## ੳ

ਓਂਕਾਰ ਸਦਾ ਅਬਿਨਾਸੀ
ਵਸਦਾ ਘਟ ਘਟ ਅੰਦਰ ਹੂ।

ਮੰਨ ਭੈੜਾ ਇਹ ਟਿੱਕ ਨਾ ਬਹਿੰਦਾ,
ਇਉਂ ਟੱਪੇ ਜਿਉਂ ਬੰਦਰ ਹੂ।

ਘੁੰਮਣ ਘੇਰੇ ਦੇ ਵਿਚ ਰਹਿੰਦਾ,
ਜਿਉਂ ਪਾਣੀ ਦਾ ਜੰਦਰ ਹੂ।

ਸੰਤੋਖ ਰਹੇ ਵਿਚ ਮਾਨਸ ਇੱਦਾਂ,
ਜਿਉਂ ਪੁਜਾਰੀ ਮੰਦਰ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


| | |
|---|---|
| ਮ੍ਰਿਤ ਅਸਾਡੜੇ ਸੇਈ | 4 |
| ਕਰਉ ਬੇਨੰਤੀਆ-ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ | 5 |
| ਗੁਰਮਤਿ ਸੰਗੀਤ ਦੇ ਪ੍ਰਮੁੱਖ ਰਾਗ ਸਰੋਤ<br>ਡਾ. ਗੁਰਨਾਮ ਸਿੰਘ | 7 |
| ਕੀਰਤਨ, ਕੌਮ ਅਤੇ ਕੱਟੜਤਾ<br>ਬਲਬੀਰ ਸਿੰਘ ਕੰਵਲ, ਲੰਡਨ | 9 |
| ਪਾਸੰਗ ਪਾਪ ਨ ਪੁਜਨੀ<br>ਕਰਮ ਸਿੰਘ ਰਤਨ | 12 |
| **ਟੈਗੋਰ ਅਕੈਡਮੀ ਰਤਨ ਅਵਾਰਡੀ ਪ੍ਰੋ. ਕਰਤਾਰ ਸਿੰਘ ਜੀ**<br>**ਸੁਖਵਿੰਦਰ ਸਿੰਘ** | 17 |
| **ਤੰਤੀ ਸਾਜ਼ ; ਪਿਛੋਕੜ,ਰਚਨਾ ਅਤੇ ਮਹੱਤਵ**<br>**ਹਰਮੰਦਰ ਕੰਗ** | 21 |
| ਸੁਰ ਲਿਪੀ- ਦੇਵਗੰਧਾਰੀ, ਇਕ ਤਾਲ | 25 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 26 |


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਪਰਮ ਸਤਿਕਾਰ ਡਾ. ਸਾਹਿਬ, ਗੁਰੂ ਫਤਹਿ। ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰੇ ਲੇਖ 'ਪੁਰਾਣੇ ਰਬਾਬੀਆਂ ਨੂੰ ਯਾਦ ਕਰਦਿਆਂ' ਨੂੰ ਆਪਣੇ ਪਰਚੇ ਵਿਚ ਥਾਂ ਦਿੱਤੀ। ਲੇਖ ਵਿਚ ਕੁਝ ਗੱਲਾਂ ਦੀ ਵਜ਼ਾਹਤ ਕਰਨੀ ਸਹਿਵਨ ਰਹਿ ਗਈ ਸੀ ਜੋ ਇਸ ਪ੍ਰਕਾਰ ਹੈ: (1) ਪਿਛਲੀ ਸਦੀ ਦੇ ਅੱਸੀਵਿਆਂ 'ਚ ਛਪੇ 'ਪ੍ਰੀਤ ਲੜੀ' ਦੇ ਇਕ ਅੰਕ ਵਿਚ ਜਹਾਂ ਆਰਾ ਕੱਜਨ ਦਾ ਪਿਛੋਕੜ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸੀ। ਉਨ੍ਹੀਂ ਦਿਨੀਂ ਕਜਨ ਨਿਸਾਰ ਦੀ ਜੋੜੀ ਅਵਾਮ ਵਿਚ ਐਨੀ ਮਕਬੂਲ ਸੀ ਕਿ ਲੋਕੀਂ ਥਾਂ ਪਰ ਥਾਂ ਉਹਨਾਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਅਸਲ ਵਿਚ ਬੋਲਦੀਆਂ ਫਿਲਮਾਂ ਬਣਨ ਤੋਂ ਪਹਿਲਾਂ ਉਹ ਮੰਡੂਏ (ਥੀਏਟਰ) ਦੇ ਲੋਕ ਸਨ। ਉਦੋਂ ਦੇ ਡਰਾਮਿਆਂ ਵਿਚ ਕਈ ਵੇਰ ਜਿਵੇਂ ਕਿ ਸ਼ੀਰੀ ਫਰਿਆਦ ਜਾਂ ਲੈਲਾ ਮਜਨੂੰ ਆਦਿ ਵਿਚ ਬਤਾਲੀ ਬਤਾਲੀ ਗਾਣੇ ਹੁੰਦੇ ਸਨ ਅਤੇ ਉਹ ਗਾਣੇ ਵੀ ਅੱਜਕੱਲ ਦੇ ਫਿਲਮੀ ਗਾਣਿਆਂ ਵਾਂਗ ਤਿੰਨ ਕੁ ਮਿੰਟ ਦੇ ਨਹੀਂ ਸਗੋਂ ਸ੍ਰੋਤਿਆਂ ਦਾ ਮੂਡ ਮਾਹੌਲ ਦੇਖ ਕੇ ਕਿੰਨੇ ਕਿੰਨੇ ਮਿੰਟ ਲਟਕਾ ਲਟਕਾ ਕੇ ਗਾਏ ਜਾਂਦੇ ਸਨ। ਗਾਉਣ ਦੌਰਾਨ ਇਹ ਜੋੜੀ ਜ਼ਿੱਦੋ ਜ਼ਿੱਦੀ ਕਿੰਨਾ ਕਿੰਨਾ ਚਿਰ ਤਾਨ ਪਲਟੇ ਮਾਰਦੀ ਰਹਿੰਦੀ ਸੀ। ਕੱਜਨ ਦਾ ਹੁਸਨ ਅਤੇ ਮੋਹਿਕ ਆਵਾਜ਼ ਦੇਖ ਸੁਣ ਕੇ ਲਾਹੌਰ ਦਾ ਇਕ ਦਿਲ ਫੈਂਕ ਆਸ਼ਕ ਉਸਤੇ ਐਨਾ ਮਰ ਮਿਟ ਗਿਆ ਸੀ ਕਿ ਸ਼ਹਿਰ ਦੀਆਂ ਗਲੀਆਂ ਵਿਚ ਉਹ ਪਾਗਲਾਂ ਵਾਂਗ ਘੁੰਮਦਾ ਫਿਰਦਾ ਹਰ ਵੇਲੇ ਉਸਦਾ ਨਾਂ ਜਪਦਾ ਰਹਿੰਦਾ ਸੀ ਅਤੇ ਉਸ ਬਾਰੇ ਸ਼ਿਅਰ ਜੋੜਦਾ ਰਹਿੰਦਾ ਸੀ। ਕਈ ਕੰਧਾਂ ਤੇ ਉਸਦਾ ਨਾਂ ਲਿਖਦਾ ਰਹਿੰਦਾ, ਕੁਝ ਸ਼ਰਾਰਤੀ ਮੁੰਡੇ ਉਸਦੇ ਮਗਰ ਭੱਜ ਭੱਜ ਕੇ ਉਸਦੇ ਇੱਟਾਂ ਰੋੜੇ ਮਾਰਦੇ, ਪਰ ਕੱਜਨ ਦਾ ਉਹ ਬੇਉਰਾ ਇਸ ਗੱਲ ਤੇ ਵੀ ਖੁਸ਼ ਹੁੰਦਾ ਕਿ ਉਸਨੂੰ ਕੱਜਨ ਕਰ ਕੇ ਰੋੜੇ ਖਾਣੇ ਪੈ ਰਹੇ ਹਨ। ਉਸਦਾ ਇਕ ਸ਼ਿਅਰ ਲਾਹੌਰ ਵਿਚ ਉਨੀਂ ਦਿਨੀਂ ਇਕ ਕਹਾਵਤ ਦਾ ਰੂਪ ਧਾਰ ਗਿਆ ਸੀ:

ਮੇਰਾ ਤਨ, ਮਨ, ਧਨ, ਪਿਆਰੀ ਕੱਜਨ ਦਾ ਮਾਲ, ਲੋਕੀਂ ਜ਼ੋਰੋ ਜ਼ੋਰੀ ਤੋਰਦੇ ਨਿਸਾਰ ਦੇ ਨਾਲ।

ਉਨ੍ਹੀਂ ਦਿਨ੍ਹੀ ਕਿਸੇ ਉਦਯੋਗੀ ਫਰਮ ਨੇ ਮਾਚਸ ਦੀਆਂ ਡੱਬੀਆਂ ਤੇ ਲੇਬਲ ਵਜੋਂ, ਉਸ ਜੋੜੀ ਦਾ ਪੋਰਟਰੇਟ ਵੀ ਛਾਪਿਆ ਸੀ। ਕੁਝ ਲੋਕ ਇਹ ਵੀ ਕਹਿੰਦੇ ਸਨ ਕਿ ਮਾਸਟਰ ਨਿਸਾਰ ਨੇ ਭਾਈ ਘਸੀਟਾ ਤੋਂ ਸੰਗੀਤ ਸਿੱਖਿਆ ਹੋਵੇ ਤਾਂ ਹੋਵੇ, ਪਰ ਉਸਦਾ ਪੁੱਤ ਨਹੀਂ ਸੀ। (2) ਮੇਰੇ ਲੇਖ ਵਿਚ ਮਾਸਟਰ ਗੁਲਾਮ ਹੈਦਰ ਦਾ ਵਰਨਣ ਵੀ ਸੀ। ਅਸਲ ਵਿਚ ਉਸਦਾ ਛੋਟਾ ਭਰਾ ਮਾਸਟਰ ਚੰਨੀ ਵੀ ਥਏਟਰ ਦਾ ਇਕ ਬੜਾ ਵੱਡਾ ਕਲਾਕਾਰ ਸੀ। ਆਪਣੇ ਰੋਲ ਅਦਾ ਕਰਦਿਆਂ ਉਹ ਕੋਇਲ ਵਾਂਗ ਕੂਕਦਾ ਅਤੇ ਬੁਲਬੁਲ ਦੀ ਤਰ੍ਹਾਂ ਚਹਿਕਦਾ। ਉਹਵੀ ਕਹਿਰਾਂ ਦਾ ਸੁਰੀਲਾ ਗਾਉਂਦਾ ਸੀ।

ਸਾਡੀ ਖੁਆਬਗਾਹ ਵਿਚ ਉਨ੍ਹੀਵੀਂ-ਵੀਹਵੀਂ ਸਦੀ ਦੀਆਂ ਦੇਸ਼ ਭਰ ਦੀਆਂ ਅਨੇਕ ਵੱਡੀਆਂ 'ਬਾਈਆਂ' ਦੇ ਪੋਸਟ ਕਾਰਡ। ਪੋਰਟਰੇਟ ਆਦਿ ਹਨ ਜਿਹੜੇ ਕਈ ਹਾਲਤਾਂ ਵਿਚ ਬਦੇਸ਼ੀ ਕੰਪਨੀਆਂ ਵੱਲੋਂ ਛਾਪੇ ਗਏ ਸਨ-ਪਰ ਕੱਜਨ ਨਿਸਾਰ ਦਾ ਨਹੀਂ ਹੈ। ਜੇਕਰ ਕਿਸੇ ਕੋਲ ਹੋਵੇ ਤਾਂ ਉਹ ਸਾਨੂੰ ਭੇਜ ਕੇ ਆਪਣੇ ਧੰਨਵਾਦੀ ਬਣਾਵੇ। ਭੁੱਲਾਂ ਚੁੱਕਾਂ ਲਈ ਖਿਮਾ।

ਬਲਬੀਰ ਸਿੰਘ ਕੰਵਲ

ਅੰਮ੍ਰਿਤ ਕੀਰਤਨ ਪ੍ਰਾਪਤ ਹੋਇਆ ਅੰਮ੍ਰਿਤ ਕੀਰਤਨ ਦੀ ਸਮੱਗਰੀ ਹਮੇਸ਼ਾ ਹੀ ਸਿੱਖਿਆਦਾਇਕ ਹੁੰਦੀ ਹੈ। ਇਸ ਅੰਕ ਵਿੱਚ ਸੁਖਦੇਵ ਸਿੰਘ ਨਡਾਲੋਂ ਦਾ ਲੇਖ 'ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ' ਬੜਾ ਭਾਵਪੂਰਤ ਹੈ। ਮੈਂ ਮਲੋਟ ਵਿਖੇ ਸੰਗੀਤ ਅਕੈਡਮੀ ਚਲਾਉਂਦਾ ਹਾਂ ਅੰਮ੍ਰਿਤ ਕੀਰਤਨ ਵਿੱਚ ਛਪੀਆਂ ਸੁਰ ਲਿਪੀਆਂ ਹਮੇਸ਼ਾ ਮੇਰੀ ਸਹਾਇਤਾ ਕਰਦੀਆਂ ਹਨ।

ਐਮ. ਐਸ. ਸਚਦੇਵਾ-ਇੰਡੀਅਨ ਮਿਊਜ਼ਿਕ ਅਕੈਡਮੀ, ਮਾਰਫਤ ਬਲਜਿੰਦਰ ਸਿੰਘ (ਦਾਨੇ ਦੀ ਚੱਕੀ) ਮਲੋਟ

ਅੰਮ੍ਰਿਤ ਕੀਰਤਨ ਦੀ ਸਾਰੀ ਸਮੱਗਰੀ ਵਧੀਆ ਹੁੰਦੀ ਹੈ। ਪਾਠਕਾਂ ਦੇ ਪੱਤਰ ਜ਼ਰੂਰ ਛਾਪਿਆ ਕਰੋ। ਉਸ ਤੋਂ ਵੀ ਬੜੀ ਪ੍ਰੇਰਨਾ ਮਿਲਦੀ ਹੈ।

-ਸੰਤ ਮੁਕੰਦ ਸਿੰਘ, ਮਾਰਫਤ ਰਣਜੀਤ ਸਿੰਘ ਮੋਟਰ ਸਟੋਰ, ਜੀ਼ ਟੀ਼ ਰੋਡ ਮਲੋਟ

# ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ

ਇੱਕ ਬਜ਼ੁਰਗ ਕੀਰਤਨੀਏ ਮੇਰੇ ਮਿਤੱਰ ਹਨ।ਚੰਗਾ ਕੀਰਤਨ ਕਰਦੇ ਹਨ।ਕੀਰਤਨ ਦੀ ਦੁਨੀਆਂ ਵਿੱਚ ਉਹਨਾਂ ਦਾ ਚੰਗਾ ਨਾਮ ਹੈ। ਉਹ ਕਈ ਤਖਤ ਸਾਹਿਬਾਨ ਤੇ ਵੀ ਕੀਰਤਨ ਕਰ ਚੁਕੇ ਹਨ। ਦੇਸ ਵਿਦੇਸ ਵਿੱਚ ਅਤੇ ਵੱਡੇ ਸ਼ਹਿਰਾਂ ਵਿੱਚ ਕੀਰਤਨ ਕਰ ਚੁੱਕੇ ਹਨ। ਪਰ ਹੁਣ ਕੀਰਤਨ ਦੀ ਮਿਆਰੀ ਸ਼ੈਲੀ ਦਾ ਰਿਵਾਜ ਨਹੀਂ ਰਿਹਾ। ਸੰਗਤਾਂ ਕੀਰਤਨ ਸੁਣਨ ਦੀ ਥਾਂ ਕੀਰਤਨੀਆਂ ਦੇ ਪਹਿਰਾਵੇ ਅਤੇ ਉਹਨਾਂ ਦੀਆਂ ਮੁਖ ਮੁਦਰਾਵਾਂ ਨੂੰ ਵੇਖਣਾਂ ਵਧੇਰੇ ਪਸੰਦ ਕਰਦੀਆਂ। ਸੁਰ ਵਿੱਚ ਲੀਨ ਹੋਣ ਦੀ ਥਾਂ ਤਬਲੇ ਦੀ ਧਮਕ ਨਾਲ ਸਿਰ ਹਿਲਾਉਣਾ ਵਧੇਰੇ ਪਸੰਦ ਕੀਤਾ ਜਾਂਦਾ ਹੈ। ਇਸ ਕਾਰਨ ਕਈ ਟਕਸਾਲੀ ਕੀਰਤਨੀਏ ਬੇਰੁਖੀ ਦਾ ਸ਼ਿਕਾਰ ਹੋ ਗਏ ਹਨ। ਇਸ ਸਬੰਧੀ ਮੇਰੇ ਇਹਨਾਂ ਮਿੱਤਰ ਭਾਈ ਸਾਹਿਬ ਦੀ ਚਿੱਠੀ ਪ੍ਰਾਪਤ ਹੋਈ। ਚਿੱਠੀ ਕੀ, ਨਿਰਾਸਾ ਦਾ ਭਰਿਆ ਟੱਬ ਮੇਰੇ ਤੇ ਉਲੱਦ ਦਿੱਤਾ। ਮੈਂ ਸਾਰਾ ਦਿਨ ਪਰੇਸ਼ਾਨ ਰਿਹਾ। ਭਾਈ ਸਾਹਿਬ ਦੀ ਧਾਰਨਾ ਬਣ ਗਈ ਹੈ ਕਿ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਲਈ ਸਿਫਾਰਸ਼ਾਂ ਦੀ ਲੋੜ ਹੈ। ਇਨਾਮ ਪ੍ਰਾਪਤ ਕਰਨ ਲਈ ਵੀ ਸਿਫਾਰਸ਼ਾਂ ਚਾਹੀਦੀਆਂ ਹਨ। ਉਹਨਾਂ ਨੂੰ ਜਾਪਦਾ ਹੈ ਕਿ ਮਹਾਨ ਕੀਰਤਨੀਆਂ ਹੋਣ ਦੇ ਬਾਵਜੂਦ ਉਹਨਾਂ ਦੀ ਕੋਈ ਪੁਛ ਪ੍ਰਤੀਤ ਨਹੀਂ ਹੁੰਦੀ। ਉਹ ਆਪਣੀਆਂ ਪੁਸਤਕਾਂ ਵੀ ਛਪਵਾਉਣਾ ਚਾਹੁੰਦੇ ਹਨ। ਉਹਨਾਂ ਦੀ ਚਿੱਠੀ ਪੜ੍ਹ ਕੇ ਮੈਨੂੰ ਆਪਣੀ ਅਵਸਥਾ ਯਾਦ ਆਈ।

ਕਦੀ ਮੈਂ ਵੀ ਇੰਜ ਹੀ ਬਹੁਤ ਨਿਰਾਸ ਸਾਂ। ਪਟਿਆਲੇ ਭਾਈ ਬਖਸ਼ੀਸ਼ ਸਿੰਘ ਹੋਰਾਂ ਨਾਲ ਕੀਰਤਨ ਕਰਦਾ ਸਾਂ। ਗਿਆਨੀ ਪਾਸ ਕਰ ਚੁਕਾ ਸਾਂ। ਐਫ. ਏ. ਦੀ ਅੰਗਰੇਜ਼ੀ ਵਿੱਚ ਫੇਲ੍ਹ ਹੋ ਗਿਆ। ਪਟਿਆਲੇ ਯਾਦਵਿੰਦਰਾ ਹਸਪਤਾਲ ਵਿੱਚ ਡਾ. ਸੇਵਾ ਸਿੰਘ ਮਾਖਨੀ ਹੁੰਦੇ ਸਨ। ਉਹਨਾਂ ਨਾਲ ਬਹੁਤ ਪਿਆਰ ਸੀ। ਉਹ ਕਮਾਲ ਦੇ ਡਾਕਟਰ ਅਤੇ ਗੁਰੂ ਘਰ ਦੇ ਪ੍ਰੇਮੀ ਅਨਿੰਨ ਆਸਥਾਵਾਨ ਪੁਰਖ ਸਨ। ਇੱਕ ਵਾਰ ਮੇਰੇ ਪਿਤਾ ਜੀ ਬਿਮਾਰ ਹੋ ਗਏ। ਅਸੀਂ ਉਹਨਾਂ ਕੋਲ ਗਏ। ਉਹ ਪਿਤਾ ਜੀ ਨੂੰ ਕਹਿਣ ਲੱਗੇ। ਉਠੋ, ਤੁਹਾਨੂੰ ਕੁਝ ਨਹੀਂ ਹੋਇਆ ਗੁਰੂ ਕੇ ਕੀਰਤਨੀਆਂ ਨੂੰ ਇਸ ਤਰ੍ਹਾਂ ਡੋਲਣਾ ਨਹੀਂ ਚਾਹੀਦਾ ਅਤੇ ਤੇਜ਼ ਤੇਜ਼ ਤੋਰ ਕੇ ਨਾਲ ਹੀ ਵਾਹਿਗੁਰੂ ਵਾਹਿਗੁਰੂ ਦਾ ਉਚਾਰਨ ਕਰਦੇ ਦਿਲ ਦੇ ਡਾਕਟਰ ਕੋਲ ਲੈ ਗਏ। ਪਰ ਪਿਤਾ ਜੀ ਤਾਂ ਜਿਵੇਂ ਉਸੇ ਵੇਲੇ ਹੀ ਠੀਕ ਹੋ ਗਏ। ਡਾਕਟਰ ਮਾਖਨੀ ਸਾਹਿਬ ਦੀਆਂ ਬੱਚੀਆਂ ਕੀਰਤਨ ਕਰਦੀਆਂ ਸਨ। ਖੈਰ, ਮੈਂ ਜਦੋਂ ਐਫ. ਏ. ਵਿੱਚੋਂ ਫੇਲ੍ਹ ਹੋ ਕੇ ਡਾਕਟਰ ਸਾਹਿਬ ਕੋਲ ਗਿਆ ਤਾਂ ਉਹ ਬੋਲੇ, ਬੇਟਾ, ਤੁਸੀਂ ਕੀਰਤਨ ਤਾਂ ਕਰਦੇ ਪਰ ਬਾਣੀ ਮਹਿਸੂਸ ਕਰਕੇ ਨਹੀਂ ਗਾਂਉਂਦੇ। ਜਦੋਂ ਕੀਰਤਨ ਸ਼ੁਰੂ ਕਰਦੇ ਹੋ ਤਾਂ ਡੰਡਉਤ ਵੇਲੇ ਕੀ ਗਾਉਂਦੇ ਹੋ?

ਮੈਂ ਕਿਹਾ – ਡੰਡਉਤ ਬੰਦਨ–

ਡਾਕਟਰ ਸਾਹਿਬ ਕਹਿਣ ਲੱਗੇ– ਨਹੀਂ ਕੁਝ ਹੋਰ ਵੀ ਗਾਉਂਦੇ ਹੋ?

ਮੈਂ ਕਿਹਾ–ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ–

ਡਾਕਟਰ ਸਾਹਿਬ ਬੋਲੇ–ਹਾਂ, ਇਹ ਸਾਰੀਆਂ ਤੁਕਾਂ ਪੜ੍ਹੋ

ਮੈਂ ਬੋਲਿਆ–ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ..

ਡਾਕਟਰ ਸਾਹਿਬ ਕਹਿਣ ਲੱਗੇ ਇਹਨਾਂ ਤੁਕਾਂ ਨੂੰ ਮਹਿਸੂਸ ਕਰਿਆ ਕਰੋ। ਉਹਨਾਂ ਪੁੱਛਿਆ ਕਿ ਤੁਹਾਨੂੰ ਉਹ ਸ਼ਬਦ ਆਉਂਦਾ ਹੈ–ਜੋ ਮਾਂਗੈ ਠਾਕਰ ਅਪਨੇ ਤੇ–ਮੈਂ ਉਹ ਸ਼ਬਦ ਉਚਾਰਨ ਲੱਗਾ। ਪਰ ਡਾਕਟਰ ਸਾਹਿਬ ਕਹਿਣ ਲੱਗੇ ਨਹੀਂ ਸਾਰਾ ਸ਼ਬਦ ਮਹਿਸੂਸ ਕਰਕੇ ਗਾਵੀਏ। ਮੈਂ ਉਹ ਸ਼ਬਦ ਗਾਇਆ

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥

ਕ੍ਰਿਪਾ ਕਟਾਖ੍ਹ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥

ਹਰਿ ਜਨ ਰਾਖੇ ਗੁਰ ਗੋਵਿੰਦ ॥

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

ਡਾਕਟਰ ਸਾਹਿਬ ਕਹਿਣ ਲੱਗੇ ਇਸ ਸ਼ਬਦ ਨੂੰ ਮਹਿਸੂਸ ਕਰਕੇ ਇਸ ਦਾ ਇੱਕ ਸੌ ਇੱਕ ਵਾਰੀ ਰੋਜ਼ ਪਾਠ ਕਰਿਆ ਕਰੋ। ਸਭ ਪ੍ਰਾਪਤੀਆਂ ਹੋਣਗੀਆਂ।

ਉਹਨਾਂ ਦਿਨਾਂ ਵਿੱਚ ਮੈਂ ਬੜਾ ਤਰਕਵਾਦੀ ਹੁੰਦਾ ਸਾਂ ਮੇਰਾ ਇਸ ਤਰ੍ਹਾਂ ਦੀਆਂ ਗਿਣਤੀਆਂ ਮਿਣਤੀਆਂ ਕਰਕੇ ਇਛਾਵਾਂ ਪੂਰੀਆਂ ਕਰਨ ਲਈ ਪਾਠ ਕਰਨ ਵਿਚ ਵਿਸ਼ਵਾਸ ਨਹੀਂ ਸੀ। ਮੈਂ ਇਸ ਤਰ੍ਹਾਂ ਪਾਠ ਤਾਂ ਨਹੀਂ ਕੀਤਾ ਪਰ ਜਦੋਂ ਕਦੀ ਵੀ ਕੋਈ ਨਿਰਾਸਾ ਹੁੰਦੀ ਹੈ ਤਾਂ ਇਹ ਸ਼ਬਦ ਆਪਣੇ ਆਪ ਹੀ ਮੇਰੇ ਮੂਹੋਂ ਨਿਕਲਣ ਲੱਗ ਜਾਂਦੇ ਹਨ। ਅਤੇ ਨਾਲ ਹੀ ਯਾਦ ਆ ਜਾਂਦੀ ਹੈ ਪਿਆਰੇ ਸਤਿਕਾਰੇ ਡਾਕਟਰ ਸੇਵਾ ਸਿੰਘ ਮਾਖਨੀ ਹੋਰਾਂ ਦੀ।

ਮੈਨੂੰ ਚਿਠੀ ਲਿਖਣ ਵਾਲੇ ਭਾਈ ਸਾਹਿਬ ਉਮਰ ਵਿੱਚ ਮੇਰੇ ਤੋਂ ਵੱਡੇ ਹਨ। ਮੈਂ ਉਹਨਾਂ ਨੂੰ ਸਿੱਖਿਆ ਨਹੀਂ ਦੇ ਸਕਦਾ। ਪਰ ਪਾਠਕ ਜੀ ਆਪ ਨੇ ਉਹਨਾਂ ਦੀ ਖੁਸ਼ਹਾਲੀ ਲਈ ਇੱਕ ਵਾਰ ਇਸ ਸ਼ਬਦ ਦਾ ਪਾਠ ਜ਼ਰੂਰ ਕਰਨਾਂ। ਗੁਰੂ ਭਲੀ ਕਰੇਗਾ।

ਖਿਮਾਂ ਸਹਿਤ

ਜਾਗੀਰ ਸਿੰਘ

# ਗੁਰਮਤਿ ਸੰਗੀਤ ਦੇ ਪ੍ਰਮੁੱਖ ਰਾਗ ਸਰੋਤ

ਡਾ. ਗੁਰਨਾਮ ਸਿੰਘ*

ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਹਿੰਦੁਸਤਾਨੀ ਸੰਗੀਤ ਦੀ ਮੱਧਕਾਲੀਨ ਰਾਗ ਪਰੰਪਰਾ ਪ੍ਰਚਾਰ ਅਧੀਨ ਸੀ। 'ਬਾਬਰ ਕੇ ਸੰਗੀਤਕਾਰ ਹਿੰਦੁਸਤਾਨੀ ਸੰਗੀਤ ਦੀ ਰਾਗ ਪਰੰਪਰਾ ਦਾ ਪ੍ਰਯੋਗ ਕਰ ਰਹੇ ਸਨ ਪਰੰਤੂ'ਬਾਬੇ ਕੇ– ਸੰਗੀਤਕਾਰ ਰਾਗੀ ਰਬਾਬੀ ਹਿੰਦੁਸਤਾਨੀ ਰਾਗਾਂ ਦੇ ਨਾਲ ਨਾਲ ਗੁਰੂ ਘਰ ਵਿਚ ਪ੍ਰਚਲਿਤ ਮੌਲਿਕ ਰਾਗਾਂ ਦਾ ਪ੍ਰਯੋਗ ਵੀ ਕਰਦੇ ਰਹੇ। ਮੱਧਕਾਲੀਨ ਰਾਗ ਰਾਗਣੀ ਵਰਗੀਕਰਣ ਦੇ ਵਾਦ ਵਿਵਾਦ ਤੋਂ ਉਪਰ ਉਠ ਗੁਰੂਘਰ ਦੇ ਕੀਰਤਨੀਆਂ ਨੇ ਗੁਰੂ ਸਾਹਿਬਾਨ ਦੁਆਰਾ ਦਰਸਾਈ ਰਾਗ ਪੱਧਤੀ ਅਨੁਸਾਰ ਗੁਰਮਤਿ ਸੰਗੀਤ ਦਾ ਪ੍ਰਚਾਰ ਪ੍ਰਸਾਰ ਕੀਤਾ। 1850 ਈ. ਤੋਂ ਪਹਿਲਾਂ ਗੁਰੂ ਘਰ ਦੇ ਕੀਰਤਨੀ ਨੇ ਭਾਰਤੀ ਸੰਗੀਤ ਸ਼ਾਸਤਰਕਾਰਾਂ ਵਿਚ ਪਹਿਲਾਂ ਕਾਫੀ ਥਾਟ ਨੂੰ ਸ਼ੁੱਧ ਥਾਟ ਮੰਨਿਆ ਜਾਂਦਾ ਸੀ ਇਸ ਤੋਂ ਬਾਅਦ ਬਿਲਕੁਲ ਥਾਟ ਦੇ ਸੁਰਾਂ ਨੂੰ ਸ਼ੁੱਧ ਸਵੀਕਾਰਿਆ ਜਾਣ ਲੱਗ ਪਿਆ ਜੋ ਹੁਣ ਤੱਕ ਪ੍ਰਚਲਤ ਹੈ। ਥਾਟ ਪਰਿਵਰਤਨ ਦੇ ਪਰਿਣਾਮ ਸਰੂਪ ਆਏ ਰਾਗ ਪਰਿਵਰਤਨ ਤੋਂ ਨਿਰਲੇਪ ਰਹਿੰਦਿਆਂ ਗੁਰੂ ਘਰ ਦੇ ਕੀਰਤਨੀਆਂ ਨੇ ਆਪਣੀ ਪਰੰਪਰਾ ਵਿਚ ਪ੍ਰਚਲਿਤ ਮੌਲਿਕ ਸਰੂਪ ਦਾ ਸੀਨਾ–ਬ–ਸੀਨਾ ਸਿੱਖਲਾਈ ਵਿਧੀ ਦੁਆਰਾ ਪੀੜੀ ਦਰ ਪੀੜੀ ਕੀਰਤਨ ਕਰਨਾ ਜਾਰੀ ਰੱਖਿਆ। ਗੁਰਮਤਿ ਸੰਗੀਤ ਦੀਆਂ ਕਈ ਟਕਸਾਲਾਂ, ਕੀਰਤਨਕਾਰ ਤੇ ਉਸਤਾਦ ਇਸ ਰਾਗ ਪਰੰਪਰਾ ਦੇ ਪ੍ਰਚਾਰ ਪਸਾਰ ਲਈ ਨਿਰੰਤਰ ਯਤਨਸ਼ੀਲ ਰਹੇ। ਗੁਰਮਤਿ ਸੰਗੀਤ ਦੇ ਅਧਿਐਨਕਾਰ ਅਤੇ ਹਿੰਦੁਸਤਾਨੀ ਸੰਗੀਤਾਚਾਰੀਆ ਹਮੇਸ਼ਾ ਹੀ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ ਦੇ ਮੂਲ ਸਰੋਤ ਸਬੰਧੀ ਜਾਣਨ ਲਈ ਉਤਸੁਕ ਰਹੇ ਤੇ ਕਿੰਤੂਵੀ ਹੁੰਦਾ ਰਿਹਾ ਕਿਉਂ ਜੋ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਤਾਂ ਕੇਵਲ ਰਾਗਾਂ ਦੇ ਨਾਮ ਸਿਰਲੇਖ ਰੂਪ ਅੰਕਿਤ ਹਨ। ਇਸ ਰਾਗ ਪਰੰਪਰਾ ਸਬੰਧੀ ਮੁੱਖ ਤੌਰ ਤੇ ਸਰੋਤ ਜਾਂ ਆਧਾਰ ਵਿਵਹਾਰਕ ਰੂਪ ਵਿਚ ਪ੍ਰਗਟ ਹੁੰਦੇ ਹਨ।

ਜਿਵੇਂ ਕਿ ਇਨ੍ਹਾਂ ਗੁਰਮਤਿ ਸੰਗੀਤ ਸੇਵੀਆਂ ਦੀ ਰਾਗਾਂ ਸਬੰਧੀ ਖੋਜ ਗੁਰਮਤਿ ਸੰਗੀਤ ਦੀ ਸੀਨਾ–ਬ–ਸੀਨਾ ਪ੍ਰਚਲਿਤ ਵਿਵਹਾਰਕ ਰਾਗ ਪਰੰਪਰਾ, ਗੁਰੂਸਾਹਿਬਾਨ ਦੇ ਸਮਕਾਲੀਨ ਸੰਗੀਤ ਗ੍ਰੰਥਾਂ, ਸਿੱਖ ਧਰਮ ਦੇ ਗੁਰਮਤਿ ਅਚਾਰੀਆਂ ਦੇ ਵਿਭਿੰਨ ਗ੍ਰੰਥਾਂ ਵਿਚ ਦਿੱਤੇ ਰਾਗ ਵਿਵਰਣ ਤੇ ਹਵਾਲੇ, ਵਰਤਮਾਨ ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ ਸਰੂਪ, ਵੱਖ–ਵੱਖ ਗੁਰਮਤਿ ਸੰਗੀਤਾਚਾਰੀਆ ਦੁਆਰਾ ਸੁਰਲਿਪੀਬੱਧ ਕਾਰਜ ਤੋਂ ਪ੍ਰਾਪਤ ਹੁੰਦਾ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਮੁੱਖ ਰਾਗ, ਮਿਸ਼ਰਤ ਰਾਗ, ਸ੍ਰੀ ਦਸਮ ਗ੍ਰੰਥ, ਸ੍ਰੀ ਸਰਬਲੋਹ ਗ੍ਰੰਥ ਤੇ ਭਾਰਤੀ ਸੰਗੀਤ ਦੇ ਰਾਗਾਂ ਦੇ ਵੱਖ–ਵੱਖ ਸਰੂਪ ਪ੍ਰਚਲਿਤ ਹਨ। ਰਾਗੀਆਂ ਰਬਾਬੀਆਂ ਨੇ ਆਪਣੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਇਨ੍ਹਾਂ ਰਾਗਾਂ ਨੂੰ ਖੂਬ ਗਾਇਆ ਹੈ ਅਤੇ ਨਾਲ ਹੀ ਇਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਮੌਲਿਕ ਸ਼ਬਦ ਕੀਰਤਨ ਰਚਨਾਵਾਂ ਦੇ ਸੁਰਲਿਪੀਬੱਧ ਸੰਗ੍ਰਹਿ ਵੀ ਤਿਆਰ ਕੀਤੇ ਤਾਂ ਜੋ ਗੁਰਮਤਿ ਸੰਗੀਤ ਦੀ ਅਗਲੀ ਪੀੜ੍ਹੀ ਗੁਰੂਘਰ ਦੀ ਰਾਗਾਤਮਕ ਤੇ ਪ੍ਰਮਾਣਿਕ ਸ਼ਬਦ ਕੀਰਤਨ ਪਰੰਪਰਾ ਨਾਲ ਜੁੜ ਸਕੇ।

ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗਾਤਮਕ ਨਿਕਾਸ ਉੱਤੇ ਝਾਤ ਮਾਰੀਏ ਤਾਂ ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਸਬੰਧੀ ਵਿਸ਼ਲੇਸ਼ਣ ਕਰਨੇ ਵਾਲੇ ਪਹਿਲੇ ਵਿਦਵਾਨਾਂ ਦੀ ਲੜੀ ਵਿਚ ਮਹੰਤ ਗੱਜਾ ਸਿੰਘ, ਭਾਈ ਪ੍ਰੇਮ ਸਿੰਘ, ਮਾਸਟਰ ਸੁੰਦਰ ਸਿੰਘ ਅਤੇ ਮਾਸਟਰ ਮੋਹਨ ਸਿੰਘ ਦੇ ਨਾਂ ਵਿਸ਼ੇਸ਼ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹੰਤ ਗੱਜਾ

ਸਿੰਘ ਜੀ ਦੇ ਸੰਗੀਤ ਖਜਾਨੇ ਵਿਚੋਂ ਅਤੇ ਉਨ੍ਹਾਂ ਦੀ ਅਗਵਾਈ ਵਿਚ ਹੀ ਰਾਗਾਂ ਤੇ ਸੰਗੀਤ ਸਬੰਧੀ ਖੋਜ ਭਰਪੂਰ ਹਵਾਲੇ ਮਹਾਨ ਕੋਸ਼ ਵਿਚ ਦਿੱਤੇ। ਇਸੇ ਤਰ੍ਹਾਂ ਭਾਤਖੰਡੇ ਜਾਂ ਵਿਸ਼ਨੂੰ ਦਿਗੰਬਰ ਸੁਰਲਿਪੀ ਲੇਖਕ ਪੱਧਤੀ ਤੇ ਵੀ ਪਹਿਲਾਂ ਭਾਈ ਪ੍ਰੇਮ ਸਿੰਘ ਰਾਗੀ ਨੇ ਆਪਣੀ ਪੁਸਤਕ ਗੁਰਮਤਿ ਰਤਨ (ਸੰਗੀਤ) ਭੰਡਾਰ ਵਿਚ ਆਪਣੇ ਵਲੋਂ ਸੁਰਲਿਪੀ ਕਰਨ ਦਾ ਯਤਨ ਕਰਦਿਆਂ ਵੱਖ-ਵੱਖ ਰਾਗਾਂ ਦੇ ਸਰੂਪ ਤੇ ਉਨ੍ਹਾਂ ਵਿਚ ਸੰਗੀਤ ਰਚਨਾਵਾਂ ਦਿੱਤੀਆਂ ਹਨ। ਇਸੇ ਤਰ੍ਹਾਂ ਮਾਸਟਰ ਸੁੰਦਰ ਸਿੰਘ ਤੇ ਮਾਸਰਟ ਮੋਹਨ ਸਿੰਘ, ਡਾ. ਭਾਈ ਚਰਨ ਸਿੰਘ ਨੇ 19ਵੀਂ ਸਦੀ ਦੇ ਅੰਤ ਤੱਕ ਪ੍ਰਾਪਤ ਰਾਗਾਤਮਕ ਖੋਜ ਤੇ ਸ਼ਬਦ ਕੀਰਤਨ ਰਚਨਾਵਾਂ ਨੂੰ ਵੀਹਵੀਂ ਸਦੀ ਦੇ ਪਹਿਲੇ ਦੇ ਦਹਾਕਿਆਂ ਤੱਕ ਪ੍ਰਕਾਸ਼ਿਤ ਕਰਵਾਹਿਟਾ।

ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਨੂੰ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਵਿਸ਼ਲੇਸ਼ਣ ਕਰਦਿਆਂ ਦੂਸਰੀ ਪੀੜ੍ਹੀ ਦੇ ਵਿਦਵਾਨਾਂ ਵਿਚ ਸ੍ਰ. ਗਿਆਨ ਸਿੰਘ ਐਬਟਾਬਾਦ ਤੇ ਭਾਈ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ ਗੁਰਮਤਿ ਸੰਗੀਤ ਵਿਚ ਪ੍ਰਚਲਿਤ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗਾਂ ਮਿਸ਼ਰਤ ਰਾਗਾਂ ਤੋਂ ਇਲਾਵਾ ਕੀਰਤਨੀਆਂ ਵਿਚ ਪ੍ਰਚਲਿਤ ਹਿੰਦੁਸਤਾਨੀ ਸੰਗੀਤ ਦੇ ਰਾਗਾਂ ਵਿਚ ਵੀ ਸ਼ਬਦ ਕੀਰਤਨ ਰਚਨਾਵਾਂ ਦਾ ਉਲੇਖ ਕੀਤਾ। ਇਸ ਪੀੜ੍ਹੀ ਦੇ ਤੀਸਰੇ ਵਿਦਵਾਨ ਪ੍ਰੋ. ਤਾਰਾ ਸਿੰਘ ਜੀ ਨੂੰ ਸਿਰੜ ਨਾਲ ਸਮੂਹ ਗੁਰੂਸਾਹਿਬਾਨ ਦੀ ਬਾਣੀ ਨੂੰ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਸਾਏ ਅਨੁਸਾਰ ਨਿਰਧਾਰਤ ਰਾਗਾਂ ਵਿਚ ਸ਼ਬਦ ਕੀਰਤਨ ਰਚਨਾਵਾਂ ਤਿਆਰ ਕਰਵਾ ਕੇ ਰਾਗਾਤਮਕ ਵਿਸ਼ਲੇਸ਼ਣ ਤੇ ਸੰਗ੍ਰਹਿ ਪ੍ਰਸਤੁਤ ਕੀਤਾ।

ਵੀਹਵੀਂ ਸਦੀ ਦੇ ਅੰਤਮ ਦਹਾਕੇ ਨੂੰ ਗੁਰਮਤਿ ਸੰਗੀਤ ਦੇ ਰਾਗਾਤਮਕ ਵਿਕਾਸ ਲਈ ਵਿਸ਼ੇਸ਼ ਕਾਲ ਕਿਹਾ ਜਾ ਸਕਦਾ ਹੈ। ਇਸ ਕਾਲ ਵਿਚ ਜਵੱਦੀ ਟਕਸਾਲ ਦੇ ਬਾਨੀ ਸਵਰਗੀ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਨੂੰ ਪੁਨਰ ਸੁਰਜੀਤ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ 1991 ਵਿਚ ਪੰਡਿਤ ਦਲੀਪ ਚੰਦਰ ਵੇਦੀ ਦੀ ਅਗਵਾਈ ਵਿਚ ਰਾਗ ਨਿਰਣਾਇਕ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਇਨ੍ਹਾਂ ਸਤਰਾਂ ਦੇ ਲੇਖਕ ਸਮੇਤ ਇਸ ਖੇਤਰ ਦੇ ਉੱਘੇ ਵਿਦਵਾਨ ਕੀਰਤਨੀਆਂ ਤੇ ਸੰਗੀਤਕਾਰਾਂ ਨੂੰ ਸ਼ਾਮਲ ਕਰਕੇ ਸ੍ਰੀ ਗੁਰੂਗ੍ਰੰਥ ਸਾਹਿਬ ਤੇ 31 ਮੁੱਖ ਰਾਗਾਂ ਤੇ 31 ਰਾਗ ਪ੍ਰਾਕਰਾਂ ਦੇ ਪ੍ਰਮਾਣਿਕ ਸਰੂਪਾਂ ਦੀ ਖੋਜ ਤੇ ਸੰਗ੍ਰਹਿ ਕਰਵਾ ਲਿਆ। ਇਸ ਰਾਗ ਨਿਰਣਾਇਕ ਕਮੇਟੀ ਵਿਚ ਸੰਗੀਤ ਮਾਰਤੰਡ ਪੰ. ਦਲੀਪ ਚੰਦਰ, ਪ੍ਰਿੰ. ਰਜਿੰਦਰ ਸਿੰਘ ਲਖਨਊ, ਭਾਈ ਅਵਤਾਰ ਸਿੰਘ ਦਿੱਲੀ, ਭਾਈ ਪ੍ਰਿਥੀਪਾਲ ਸਿੰਘ ਕੰਗ ਇੰਦੌਰ, ਭਾਈ ਬਲਬੀਰ ਸਿੰਘ ਅੰਮ੍ਰਿਤਸਰ, ਡਾ. ਅਜੀਤ ਸਿੰਘ ਪੈਂਤਲ ਦਿੱਲੀ, ਪ੍ਰਿੰ. ਬਲਦੇਵ ਸਿੰਘ ਦਿੱਲੀ, ਪ੍ਰੋ. ਕਰਤਾਰ ਸਿੰਘ ਲੁਧਿਆਣਾ, ਪ੍ਰੋ. ਪਰਮਜੋਤ ਸਿੰਘ ਮੁਲਾਂਪੁਰ, ਪ੍ਰੋ. ਚਰਨਜੀਤ ਸਿੰਘ ਲੁਧਿਆਣਾ, ਪ੍ਰਿੰ. ਚੰਨਣ ਸਿੰਘ ਮਜ਼ਬੂਰ, ਉਸਤਾਦ ਜਸਵੰਤ ਸਿੰਘ ਭੰਵਰਾ, ਬੀਬੀ ਜਸਬੀਰ ਕੌਰ ਖਾਲਸਾ ਲੁਧਿਆਣਾ, ਪ੍ਰਿੰ. ਸ਼ਮਸ਼ੇਰ ਸਿੰਘ ਜੀ ਕਰੀਰ ਪਟਿਆਲਾ, ਡਾ. ਜਾਗੀਰ ਸਿੰਘ ਜੀ ਚੰਡੀਗੜ੍ਹ, ਪ੍ਰੋ. ਹਰਚੰਦ ਸਿੰਘ, ਪ੍ਰੋ. ਅਵਤਾਰ ਸਿੰਘ ਨਾਜ਼ ਅਤੇ ਡਾ. ਗੁਰਨਾਮ ਸਿੰਘ ਸ਼ਾਮਲ ਹੋਏ ਜਿਨ੍ਹਾਂ ਨੇ ਇਨ੍ਹਾਂ ਰਾਗਾਂ ਦੇ ਸਰੂਪ ਸਥਾਪਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਰਾਗ ਸਰੂਪਾਂ ਦਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਗਾਇਨ ਵੀ ਕਰਵਾਇਆ।

ਗੁਰਮਤਿ ਸੰਗੀਤ ਦੇ ਰਾਗਾਤਮਕ ਵਿਕਾਸ ਨੂੰ ਤੀਸਰੀ ਪੀੜ੍ਹੀ ਵਿਚ ਪ੍ਰੋ. ਕਰਤਾਰ ਸਿੰਘ, ਭਾਈ ਬਲਬੀਰ ਸਿੰਘ ਤੇ ਪ੍ਰਿੰਸੀਪਲ ਸ.ਸ. ਕਰੀਰ (ਸਵਰਗੀ) ਤੇ ਲੇਖਕ ਡਾ. ਗੁਰਨਾਮ ਸਿੰਘ ਆਦਿ ਦੇ ਵਿਸ਼ੇਸ਼ ਯੋਗਦਾਨ ਹੈ ਜਿਨ੍ਹਾਂ ਨੇ ਆਪਣੀਆਂ ਪੁਸਤਕਾਂ ਤੇ ਰਿਕਾਰਡਿੰਗ ਦੁਆਰਾ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗ ਸਰੂਪਾਂ ਨੂੰ ਸਿਧਾਂਤਕ ਤੇ ਵਿਹਾਰਕ ਰੂਪ ਵਿਚ ਪ੍ਰਚਾਰਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ ਦੀਆਂ ਵੱਖ-ਵੱਖ ਖੋਜ ਭਰਪੂਰ ਪ੍ਰਕਾਸ਼ਨਾਵਾਂ ਅਤੇ ਵਿਭਿੰਨ ਵੈਬਸਾਈਟਸ ਉਤੇ ਇਸ ਰਾਗਾਤਮਕ ਖਜ਼ਾਨੇ ਦੇ ਦੀਦਾਰ ਕੀਤੇ ਜਾ ਸਕਦੇ ਹਨ।

ਪ੍ਰੋਫੈਸਰ ਅਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
Email : gurmat.sangeet@yahoo.com

# ਕੀਰਤਨ, ਕੌਮ ਅਤੇ ਕੱਟੜਤਾ

## ਬਲਬੀਰ ਸਿੰਘ ਕੰਵਲ, ਲੰਡਨ

ਪਿਛਲੇ ਦੋ ਤਿੰਨ ਦਹਾਕਿਆਂ ਤੋਂ ਕਦੇ ਕਦਾਈਂ ਇਹ ਆਵਾਜ਼ ਬੜੇ ਉੱਚੇ ਸੁਰ 'ਚ ਉੱਠਦੀ ਰਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਮਿਆਰ ਦਿਨ-ਬ-ਦਿਨ ਡਿੱਗਦਾ ਜਾ ਰਿਹਾ ਹੈ, ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਲੋਕੀਂ ਇਥੋਂ ਤਕ ਵੀ ਕਹਿੰਦੇ ਸੁਣੇ ਗਏ ਹਨ ਕਿ ਅੱਜ ਕੱਲ੍ਹ ਉਸ ਥਾਂ ਨਿਯੁਕਤੀ, ਕਲਾ 'ਚ ਨਿਪੁੰਨ ਹੋਣ ਕਰਕੇ ਨਹੀਂ, ਬਲਕਿ ਸਿਫਾਰਸ਼ ਨਾਲ ਕੰਮ ਚਲਦਾ ਹੈ। ਪਿਛਲੇ ਕੁਝ ਸਮੇਂ 'ਚ ਕੁਝ ਇਹੋ ਜਿਹੀਆਂ ਘਟਨਾਵਾਂ ਵੀ ਘਟੀਆਂ ਹਨ, ਜਿਹਨਾਂ ਨਾਲ ਸਿੱਖ ਹਿਤੈਸ਼ੀ ਹਿਰਦਿਆਂ 'ਤੇ ਸੱਟ ਵੱਜੀ ਹੈ। ਅੱਜ ਤੋਂ 6 ਸਾਲ ਪਹਿਲਾਂ ਸੁਣਿਆ ਸੀ ਕਿ ਪਾਕਿਸਤਾਨ ਤੋਂ ਆਏ ਭਾਈ ਆਸ਼ਕੀ ਉਰਫ ਭਾਈ ਲਾਲ ਜਿਹੜੇ ਕਿ ਮਰਦਾਨਾ ਜੀ ਦੀ ਕੁੱਲ ਦੀ ਸਤਾਰਵੀਂ ਪੀੜ੍ਹੀ 'ਚੋਂ ਦੱਸੀਦੇ ਹਨ, ਹੁਰਾਂ ਦੇ ਜੱਥੇ ਨੂੰ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਗਈ ਸੀ। ਅਖੇ ਪਹਿਲਾਂ ਸਿੰਘ ਸਜੋ। ਹੁਣ ਤਾਜ਼ੀ ਖਬਰ ਇਹ ਸੁਣੀ ਗਈ ਹੈ ਜਿਸ ਦੀ ਤਾਈਦ ਸ. ਤ੍ਰਿਲੋਚਨ ਸਿੰਘ ਐੱਮ. ਪੀ. ਨੇ ਟੈਲੀਫੋਨ 'ਤੇ ਵੀ ਕੀਤੀ ਹੈ ਕਿ ਭਾਈ ਚੇਲਾ ਰਾਮ ਸਿੰਧੀ ਜਿਹੜੇ ਕਿ ਸਾਰੀ ਉਮਰ ਕੀਰਤਨ ਰਾਹੀਂ ਸਿੱਖ ਸੰਗਤਾਂ ਨੂੰ ਦੇਸ਼ ਵਿਚ ਤਾਂ ਕੀ, ਵਿਦੇਸ਼ਾਂ ਵਿਚ ਜਾ ਕੇ ਵੀ ਸਿੱਖੀ ਦਾ ਕਾਫੀ ਪ੍ਰਚਾਰ ਕਰਦੇ ਰਹੇ ਹਨ। ਸਾਡੇ ਕੁਝ ਨੌਜਵਾਨਾਂ ਨੇ ਧੱਕੇ ਨਾਲ ਉਹਨਾਂ ਦਾ ਪੂਸਾ ਰੋਡ ਵਾਲਾ ਗੁਰਦੁਆਰਾ ਬੰਦ ਕਰਵਾ ਦਿੱਤਾ ਹੈ ਅਤੇ ਉਥੋਂ ਗੁਰੂ ਮਹਾਰਾਜ ਜੀ ਦੀਆਂ ਬੀੜਾਂ ਨੂੰ ਚੁੱਕ ਲਿਆਏ ਹਨ ਕਾਰਨ? ਅਖੇ ਉਹ ਪਹਿਲਾਂ ਸਿੰਘ ਸਜਣ ਇਸ ਥਾਂ ਸਾਡਾ ਇਹੋ ਜਿਹਾ ਕੋਈ ਮਨੋਰਥ ਨਹੀਂ ਕਿ ਅਸੀਂ ਰਬਾਬੀ, ਰਾਗੀ, ਕਸਬੀ, ਅਤਾਈ ਜਾਂ ਕਿਸੇ ਤਰ੍ਹਾਂ ਦੇ ਮਜ਼ਬੀ ਝਗੜਿਆਂ 'ਚ ਪਈਏ, ਤਾਂ ਵੀ ਇਸ ਤੱਥ ਨੂੰ ਇਸ ਥਾਂ ਸਪੱਸ਼ਟ ਕਰ ਦੇਣਾ ਬੜਾ ਜ਼ਰੂਰੀ ਹੈ ਕਿ ਵੱਡੇ ਤੋਂ ਵੱਡੇ ਬਹੁਤੇ ਅੱਜੋਕੇ ਖਿਆਲ ਗਾਇਕ ਜਾਂ ਕਲੌਂਤੀਆਂ ਦਾ ਪਿੱਛਾ ਰਬਾਬੀਆਂ ਦਾ ਹੈ। ਰਾਗੀ ਰਬਾਬੀ ਕਲਾ ਦਾ ਆਪਸ ਵਿਚ ਆਦਾਨ ਪ੍ਰਦਾਨ ਬੜੇ ਗੁਲਾਮ ਅਲੀ ਖਾਂ ਦੇ ਪਿਤਾ ਅਲੀ ਬਖਸ਼ ਖਾਂ ਤੋਂ ਹੁੰਦਾ ਹੈ ਜਿਹੜੇ ਤਾਊਸ ਨਵਾਜ਼ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਸਨ। ਉਨ੍ਹਾਂ ਲਈ ਰਾਮ, ਰਹੀਮ, ਅੱਲ੍ਹਾ ਵਾਹਿਗੁਰੂ ਦੇ ਨਾਵਾਂ ਵਿਚ ਕੱਟੜਤਾ ਵਾਲੀ ਕੋਈ ਲਕੀਰ ਨਹੀਂ ਸੀ। ਦੇਸ਼ ਦੇ 1947 ਵਾਲੇ ਉਜਾੜੇ ਸਮੇਂ ਬੜੇ ਗੁਲਾਮ ਅਲੀ ਖਾਂ ਪਾਕਿਸਤਾਨ ਚਲੇ ਗਏ। ਅਗਸਤ ਦੇ ਮਹੀਨੇ ਲਾਹੌਰ ਤੋਂ ਉਹਨਾਂ ਦਾ ਰੇਡੀਓ ਪ੍ਰੋਗਰਾਮ ਸੀ। ਪਾਕਿਸਤਾਨ ਸਰਕਾਰ ਵੱਲੋਂ ਇਹ ਹੁਕਮਨਾਮਾ ਸਭ ਥਾਈਂ ਜਾਰੀ ਕੀਤੀ ਗਿਆ ਸੀ ਕਿ ਜਿਹੜੇ ਰਾਗ, ਰਾਗਣੀਆਂ 'ਹਿੰਦਵੀ' ਹਨ ਜਾਂ ਉਹਨਾਂ ਦੇ ਨਾਂ ਦੇਵੀ-ਦੇਵਤਿਆਂ ਵਾਲੇ ਹਨ, ਉਹ ਰਾਗ ਨਾ ਗਾਏ ਜਾਣ, ਬਲਕਿ ਉਹਨਾਂ ਦਾ ਨਾਂ ਤੱਕ ਵੀ ਨਾ ਲਿਆ ਜਾਵੇ। ਉਸ ਮਹਾਨ ਉਸਤਾਦ ਦੀਆਂ ਬੰਦਿਸ਼ਾਂ ਦਾ ਜਿਹੜੀਆਂ ਉਸਨੇ 'ਸਭ ਰੰਗ' ਦੇ ਤਖੱਲਸ ਥੱਲੇ ਸਿਰਜੀਆਂ ਹਨ ਦਾ ਜੇਕਰ ਗਹੁ ਨਾਲ ਅਧਿਐਨ ਕਰੀਏ ਤਾਂ ਤੁਹਾਨੂੰ ਉਹਨਾਂ ਵਿਚ ਰਾਮ, ਸ਼ਾਮ ਜਾਂ ਸ਼ਿਆਮ ਦੀ ਵਰਤੋਂ ਆਮ ਮਿਲ ਜਾਏਗੀ। ਹੁਣ ਖਾਂ ਸਾਹਿਬ ਨੇ ਆਪਣੇ ਮਨ 'ਚ ਇਹ ਗੱਲ

ਪੱਕੀ ਕੀਤੀ ਹੋਈ ਸੀ, ਕਿ ਉਸ ਦਿਨ ਉਹ ਲਲਿਤ ਗਾਉਣਗੇ, 'ਅੱਬ ਮਨ ਜਾਗ ਕਾਹੇ ਕੋ ਤੂੰ ਸੋਇਆ?' ਜਿਹੜਾ ਕਿ ਭੈਰਵ ਠਾਠ ਦਾ ਰਾਗ ਹੈ। ਰੇਡੀਓ ਸਟੇਸ਼ਨ ਦਾ ਡਾਇਰੈਕਟਰ ਇਹ ਗੱਲ ਤਾੜ ਗਿਆ ਅਤੇ ਕੰਟੀਨ 'ਚ ਬੈਠਿਆਂ ਖਾਂ ਸਾਹਿਬ ਨੂੰ ਹਾਕਮਾਨਾ ਲਹਿਜੇ 'ਚ ਕਹਿਣ ਲੱਗਾ ਕਿ ਉਹ ਰਾਗ ਬਦਲ ਦੇਣ, ਭਾਵ ਕਿ ਲਲਿਤ ਦੀ ਥਾਂ ਕੋਈ ਮੁਸਲਕੀ ਚੀਜ਼ ਸੁਣਾਉਣ। ਖਾਂ ਸਾਹਿਬ ਜਿਹੜੇ ਫਕੀਰਖਾਨਾ ਤਬੀਅਤ ਦੇ ਸੁਆਮੀ ਸਨ, ਅੱਗੋਂ ਕਹਿਣ ਲੱਗੇ, "ਮੈਂ ਤਾਂ ਭਾਈ ਰਾਗ ਲਲਿਤ ਹੀ ਗਾਵਾਂਗਾ, ਤੁਸੀਂ ਇਸ ਦਾ ਨਾਂ ਭਾਵੇਂ ਫੁੱਫੀ (ਭੂਆ) ਹਮੀਦਾਂ ਅਨਾਊਸ ਕਰਵਾ ਕੇ ਇਸਲਾਮੀ (ਮੁਸਲਮਾਨੀ) ਬਣਾ ਕੇ ਪ੍ਰਸਾਰਨ ਕਰਵਾ ਲਓ। ਸੋ ਇਹੋ ਜਿਹੀ ਕੱਟੜਤਾ ਭਰਪੂਰ ਘੁਟਣ 'ਚ ਸਾਹਿਬ ਨੇ ਉਸ ਦੇਸ਼ ਵਿਚ ਕੀ ਰਹਿਣਾ ਸੀ, ਉਹ ਫਿਰ ਉਥੋਂ ਛੇਤੀ ਭਾਰਤ ਵਾਪਸ ਪਰਤ ਆਏ ਸਨ। ਉਨ੍ਹੀਵੀਂ ਸਦੀ ਦੇ ਅਖੀਰਲੇ ਸਾਲਾਂ 'ਚ ਸ੍ਰੀ ਅੰਮ੍ਰਿਤਸਰ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਨ੍ਹਾਂ ਸਦਕਾ ਸਿੰਘ ਸਾਹਿਬਾਨ ਇਸ ਗੱਲ 'ਤੇ ਜ਼ੋਰ ਦੇਣ ਲੱਗ ਪਏ ਕਿ ਸਾਰੇ ਰਬਾਬੀ ਸਿੰਘ ਸੱਜ ਜਾਣ। ਸੰਨ 1897 ਦੇ ਨੇੜੇ ਭਾਈ ਨੱਥੂ, ਕੱਥੂ, ਜਿਹੜੇ ਉਨ੍ਹੀਂ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਨ, ਸਿੰਘ ਸੱਜ ਕੇ ਭਾਈ ਨੱਥਾ ਸਿੰਘ, ਕੱਥਾ ਸਿੰਘ ਬਣ ਗਏ। ਕਈਆਂ ਦੇ ਖਿਆਲ ਅਨੁਸਾਰ ਸਿੰਘ ਸਜਣ ਵਾਲੇ ਉਹ ਸਭ ਤੋਂ ਪਹਿਲੇ ਰਬਾਬੀ ਸਨ। ਇਤਿਹਾਸ ਵਿਚ ਇਸ ਗੱਲ ਦਾ ਵਰਣਨ ਮਿਲਦਾ ਹੈ ਕਿ ਉਹਨਾਂ ਦੇ ਜੱਥੇ ਭਾਵ ਨੱਥਾ ਸਿੰਘ, ਕੱਥਾ ਸਿੰਘ ਹਜ਼ੂਰਾ ਸਿੰਘ ਅਰ ਮੁਲਤਾਨਾਂ ਸਿੰਘ ਨਾਲ ਚਾਰ ਰਬਾਬਣਾਂ ਵੀ ਹੁੰਦੀਆਂ ਸਨ ਅਤੇ ਬੜਾ ਰੰਗ ਬੱਝਦਾ ਸੀ। ਹਾਲੇ ਉਹ ਤਾਜ਼ੇ ਤਾਜ਼ੇ ਹੀ ਸਿੰਘ ਸਜੇ ਸਨ ਕਿ ਇਕ ਦਿਨ ਜਦੋਂ ਉਹ ਅਕਾਲ ਬੁੰਗਾ ਦੇ ਸਾਹਮਣੇ ਕੀਰਤਨ ਕਰ ਰਹੇ ਸਨ ਤਾਂ ਉਹਨਾਂ ਵਿਚੋਂ ਸੰਗਤਾਂ ਵਿਚ ਬੈਠੀ ਇਕ ਰਬਾਬਣ ਬੀਬੀ ਨੂੰ ਜਦੋਂ ਉਬਾਸੀ ਆ ਗਈ ਤਾਂ ਉਸ ਦੇ ਮੂੰਹੋਂ ਅਵਸੋਂ 'ਯਾ ਅੱਲਾ' ਨਿਕਲ ਗਿਆ। ਉਸ ਵਿਚਾਰੀ ਨੂੰ ਧਰਮ ਬਦਲੇ ਨੂੰ ਅਜੇ ਬਹੁਤੇ ਦਿਨ ਨਹੀਂ ਸਨ ਹੋਏ, ਇਸ ਲਈ ਉਸ ਦੇ ਮੂੰਹੋਂ ਸੁਭਾਵਕ ਹੀ 'ਯਾ ਅੱਲਾ' ਨਿਕਲ ਗਿਆ ਸੀ ਜਿਸ ਨੂੰ ਸੁਣ ਕੇ ਉਸ ਦੇ ਲਾਗੇ ਬੈਠੇ ਸਿੰਘ ਹੱਸਣ ਲੱਗ ਗਏ ਸਨ। ਛਿੱਥੀ ਜਿਹੀ ਹੋ ਕੇ ਉਹ ਰਬਾਬਣ ਵਿਚਾਰੀ ਅੱਗਿਉਂ ਕਹਿਣ ਲੱਗੀ, 'ਭਰਾਵੋ ਹੱਸਦੇ ਕਿਉਂ ਹੋ? ਸਿੱਖ ਬਣਿਆਂ ਨੂੰ ਸਾਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਹਨ। ਅੱਲਾ ਹੌਲੀ ਹੌਲੀ ਜਾਏਗਾ, ਵਾਹਿਗੁਰੂ ਹੌਲੀ ਹੌਲੀ ਆਏਗਾ।"

ਚੜਾਈ ਕਰਨ ਤੋਂ ਤਿੰਨ ਦਹਾਕੇ ਪਹਿਲਾਂ ਮੁਲਾਕਾਤਾਂ ਦੌਰਾਨ, ਸੰਸਾਰ ਭਰ ਵਿਚ ਪ੍ਰਸਿੱਧੀ ਖੱਟਣ ਵਾਲੇ ਉਸਤਾਦ ਅੱਲਾ ਰੱਖਾ ਤਬਲਾ ਨਵਾਜ਼ ਲੇਖਕ ਨਾਲ ਇਹ ਗੱਲ ਬੜੇ ਗੌਰਵ ਨਾਲ ਅਕਸਰ ਕਰਿਆ ਕਰਦੇ ਸਨ ਕਿ ਰਾਗ ਆਸਾ ਪੰਜਾਬ ਦੀ ਖਾਸ ਚੀਜ਼ ਹੈ ਜਿਹੜਾ ਪੂਰੇ ਦੇਸ਼ ਵਿਚ ਹੋਰ ਕਿਧਰੇ ਨਹੀਂ ਗਾਇਆ ਜਾਂਦਾ। ਸੰਨ 1978 ਵਿਚ ਸ੍ਰੀ ਅੰਮ੍ਰਿਤਸਰ ਵਿਖੇ ਨਗਰ ਦਾ ਜਦੋਂ ਚਾਰ ਸੌ ਸਾਲਾਂ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਤਾਂ ਪ੍ਰਬੰਧਕਾਂ ਜਿਹੜਾ ਸਭ ਤੋਂ ਵਧੀਆਂ ਕੰਮ ਕੀਤਾ ਉਹ ਸੀ ਕਿ ਉਦੋਂ ਗੈਰ ਸਿੱਖ ਗਾਇਕ ਵਜਾਇਕ ਵੀ ਬੁਲਾਏ ਗਏ ਸਨ। ਇਥੋਂ ਤਕ ਕਿ ਉਸਤਾਦ ਬੜੇ ਗੁਲਾਮ ਅਲੀ ਖਾਂ ਦੇ ਬੇਟੇ ਮੁਨੱਵਰ ਅਲੀ ਵੀ ਸੱਦੇ ਗਏ ਸਨ। ਉਹਨਾਂ ਏਥੇ ਭਰੇ ਦਰਬਾਰ ਵਿਚ ਇਹ ਗੱਲ ਆਖੀ ਸੀ ਕਿ ਰਾਗ ਆਸਾ ਨਿਰੋਲ ਸਿੱਖਾਂ ਪਾਸ ਹੈ, ਜਾਂ ਸਾਡੇ ਘਰਾਣੇ ਪਾਸ। ਸੋਰਠ ਗਾ ਕੇ ਉਹਨਾਂ

"ਦਿਲਹੁ ਮੁਹੱਬਤਿ ਜਿੰਨ ਸੇਈ ਸਚਿਆ॥

ਜਿਨ ਮਨਿ ਹੋਰ ਮੁਖ ਹੋਰ, ਸੋ ਕਾਂਢੇ ਕਚਿਆ॥

ਰਾਗ ਆਸਾ ਸ਼ੁਰੂ ਕਰ ਦਿੱਤਾ। ਬੜ੍ਹਤ ਕਰ ਕੇ ਜਦ ਹੀ ਉਹ ਇਸ ਮੁਕਾਮ 'ਤੇ ਆਏ

"ਪਰਵਰਦਗਾਰ, ਅਪਾਰ ਅਗਮ ਬੇਅੰਤ ਤੂੰ॥

ਜਿਨਾ ਪਛਾਤਾ ਸਚੁ, ਚੁੰਮਾਂ ਪੈਰ ਮੂੰ ॥

ਤਾਂ ਰਾਗ ਆਪਣੀ ਮੁਰਾਦ ਪੂਰੀ ਕਰਦਿਆਂ ਜਾਪ ਰਿਹਾ ਸੀ ਅਤੇ ਚਾਰ ਚੁਫੇਰੇ ਸੁਗੰਧੀਆਂ ਫੈਲ ਰਹੀਆਂ ਸਨ।

ਅੱਜੋਕੇ ਯੁੱਗ ਵਿਚ ਸਾਇੰਸੀ ਢੰਗ ਨਾਲ ਸੋਚਣ ਵਾਲਾ ਹਰ ਮਨੁੱਖ ਇਸ ਤੱਥ ਨੂੰ ਦਿਲੋਂ ਸਵੀਕਾਰਦਾ ਹੈ ਕਿ ਸਿੱਖ ਵਿਚਾਰਧਾਰਾ ਅੱਜੋਕੇ ਮਨੁੱਖੀ ਵਿਕਾਸ ਦਾ ਸਭ ਤੋਂ ਉੱਪਰਲੇ ਪੱਧਰ ਦਾ ਸੰਕਲਪ ਹੈ। ਬਾਬੇ ਨਾਨਕ ਦਾ ਦਰ ਹੀ ਬਹੁਤ ਵੱਡਾ ਹੈ। ਨਾਲ ਹੀ ਸਿੱਖ ਧਰਮ ਤਾਂ ਹੈ ਹੀ 'ਆਸਾ) ਦਾ ਧਰਮ ਜਿਸ 'ਤੇ ਹਰ ਬੰਦੇ ਨੂੰ ਆਸਾ ਹੈ। ਸਿੱਖਾਂ ਦੀ ਤਾਂ ਸੁਬਹੁ ਹੀ ਇਸ ਰਾਗ ਤੋਂ ਸ਼ੁਰੂ ਹੁੰਦੀ ਹੈ ਕਿਉਂਕਿ ਉਹ ਕਿਹੜਾ ਗੁਰਦੁਆਰਾ ਹੈ ਜਿੱਥੇ ਅੰਮ੍ਰਿਤ ਵੇਲੇ ਇਸ ਰਾਗ ਨਾਲ ਦਿਨ ਅਦਾ ਆਗਾਜ਼ ਨਹੀਂ ਕੀਤਾ ਜਾਂਦਾ? ਵੱਡੇ ਵੱਡੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਲਈ ਰਾਗ ਆਸਾ ਸੁਣਨ ਨਾਲੋਂ ਹੋਰ ਕੋਈ ਵੱਡੀ ਦਵਾ ਜਾਂ ਦਾਰੂ ਨਹੀਂ। ਪਰ ਪਿਛਲੇ ਕੁਝ ਸਮੇਂ 'ਚ ਦੇਸ਼ ਅੰਦਰ ਕੁਝ ਅਜਿਹੀਆਂ ਘਟਨਾਵਾਂ ਘਟੀਆਂ ਹਨ, ਜਿਹੜੀਆਂ ਸਿੱਖਾਂ ਦੀ ਅਸਲ ਰੂਹ ਦਾ ਰਾਗ ਆਸਾ ਦੀ ਸੁਗੰਧ ਅਨੁਸਾਰ ਨਹੀਂ ਜਾਪਦੀਆਂ। ਕੀ ਰਵਿਦਾਸ ਭਾਈਚਾਰੇ ਨੂੰ ਆਪਣੇ ਨਾਲੋਂ ਨਿਖੇੜ ਦੇਣਾ ਅਤੇ ਕੀ ਭਾਈ ਚੇਲਾ, ਰਾਮ ਲਛਮਣ ਦਾਸ ਵਰਗਿਆਂ ਨਾਲ ਇਸ ਕਿਸਮ ਦੀ ਧੀਗਾਜੋਰੀ ਕਰਨੀ। ਹੁਣ ਦੇ ਹਾਲਾਤ ਅਨੁਸਾਰ ਇਕ ਦੋ ਨੁਕਤੇ ਜਿਹੜੇ ਮੈਂ ਉੱਪਰ ਉਠਾਏ ਹਨ, ਬੜੇ ਅਹਿਮ ਅਤੇ ਗੰਭੀਰ ਹਨ। ਇਹ ਆਪ ਪੜਚੋਲ ਦੀ ਮੰਗ ਕਰਦੇ ਹਨ। ਇਸ ਪਾਸੇ ਸਾਨੂੰ ਸਭਨਾਂ ਨੂੰ ਚਿੰਤਾ ਅਤੇ ਬੇਹੱਦ ਦੂਰ ਅੰਦੇਸ਼ੀ ਨਾਲ ਸੋਚਣ ਦੀ ਲੋੜ ਹੈ। ਕੌਮ ਦੀ ਗਿਣਤੀ ਕਿਵੇਂ ਵਧੇ, ਇਸ ਪਾਸੇ ਬਹੁਤ ਧਿਆਨ ਦੇਣ ਦੀ ਲੋੜ ਹੈ।

2-Albert Road, Ilford, Essex IGI 1 HN (UK)



# ਪਾਸੰਗ ਪਾਪ ਨ ਪੁਜਨੀ

## ਕਰਮ ਸਿੰਘ ਰਤਨ

ਭਗਤ ਵਡਾ ਰਾਜਾ ਜਨਕ ਹੈ, ਗੁਰਮੁਖ ਮਾਇਆ ਵਿਚ ਉਦਾਸੀ
ਦੇਵ ਲੋਕ ਨੂੰ ਚੱਲਿਆ ਗਣ ਗੰਧਰਬ ਸਭਾ ਸੁਖ ਵਾਸੀ
ਜਮ ਪੁਰ ਗਇਆ ਪੁਕਾਰ ਸੁਣ, ਵਿਲਲਾਵਨ ਜੀਅ ਨਰਕ ਨਿਵਾਸੀ
ਧਰਮ ਰਾਇ ਨ ਆਖਿਓਨ, ਸਭਨਾ ਦੀ ਕਰ ਬੰਦ ਖਲਾਸੀ
ਕਰੇ ਬੇਨਤੀ ਧਰਮ ਰਾਇ, ਹਉ ਸੇਵਕ ਠਾਕੁਰ ਅਬਿਨਾਸੀ
ਗਹਿਣੇ ਧਰਿਓਨ ਇਕ ਨਾਉਂ, ਪਾਪਾਂ ਨਾਲ ਕਰੇ ਨਿਰਜਾਸੀ
ਪਾਸੰਗ ਪਾਪ ਨੋ ਪੁਜਨੀ, ਗੁਰਮੁਖ ਨਾਉਂ ਅਤੁਲ ਨ ਤੁਲਾਸੀ
ਨਰਕਹੁੰ ਛੁੱਟੇ ਜੀਅ ਜੰਤ, ਕੱਟੀ ਗਲਹੁੰ ਸਿਲਕ ਜਮ ਫਾਸੀ
ਮੁਕਤਿ ਜੁਗਤਿ ਨਾਵੈ ਕੀ ਦਾਸੀ॥ (ਭਾ. ਗੁਰਦਾਸ ਜੀ ਵਾਰ ੧੦ਵੀ ਪਉੜੀ)

ਅਰਥਾਤ : ਭਗਤ ਰਾਜਾ ਜਨਕ ਇਤਨਾ ਮਹਾਨ ਭਗਤ ਸੀ, ਜੋ ਕਿ ਮਾਇਆ ਦੇ ਵਿਚ ਰਹਿੰਦਆਂ ਹੋਇਆਂ ਵੀ ਮਾਇਆ ਤੋਂ ਉਦਾਸ ਸੀ, ਭਾਵ ਕਿ ਮਾਇਆ ਤੋਂ ਨਿਰਲੇਪ ਸੀ ਜਿਸ ਤੇ ਮਾਇਆ ਦਾ ਕੋਈ ਅਸਰ ਨਹੀਂ ਸੀ, ਅਤੇ ਮਾਇਆ ਦਾ ਉਸਨੂੰ ਹੰਕਾਰ ਨਹੀਂ ਸੀ।

ਜਦੋਂ ਰਾਜੇ ਜਨਕ ਦਾ ਅੰਤ ਸਮਾਂ ਆਇਆ ਤਾਂ, ਦੇਵ ਲੋਕ ਤੋਂ ਦੇਵਤੇ ਅਤੇ ਗੰਧਰਬ, ਰਾਜਾ ਜਨਕ ਨੂੰ ਸਤਿਕਾਰ ਨਾਲ ਲੈਣ ਵਾਸਤੇ, ਪਾਲਕੀ ਵਰਗਾ ਬਿਬਾਣ ਲੈ ਕੇ ਆਏ ਤੇ ਰਾਜਾ ਜਨਕ ਜੀ ਨੂੰ ਬੜੇ ਸਤਕਾਰ ਨਾਲ ਪਾਲਕੀ ਬਬਾਣ ਵਿਚ ਬਿਠਾ ਕੇ ਅਤੇ ਉੱਤੇ ਚੌਰ ਝੁਲਾ ਕੇ ਦੇਵ ਲੋਕ ਨੂੰ ਜਾ ਰਹੇ ਸਨ।

ਦੇਵ ਲੋਕ ਦੇ ਰਸਤੇ ਵਿਚ (ਜਮਪੁਰ) ਜਮਾਂ ਦੀ ਨਗਰੀ ਅਰਥਾਤ ਨਰਕ ਪੈਂਦਾ ਸੀ, ਸੋ ਜਦੋਂ ਨਰਕ ਦੇ ਕੋਲੋਂ ਰਾਜਾ ਜਨਕ ਦਾ ਬਿਬਾਣ ਲੰਘਿਆ ਤਾਂ, ਨਰਕ ਦੇ ਵਿਚੋਂ ਦੁਖੀਆਂ ਦੇ ਵਿਰਲਾਪ ਦੀ ਆਵਾਜ਼ਾਂ ਆ ਰਹੀਆਂ ਸਨ। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਬਾਣੀ ਵਿਚ ਫੁਰਮਾਨ ਕਰਦੇ ਹਨ (ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ) (ਸਲੋਕ ਮ: ੫ ਪੰ: ੧੪੨੫) ਸੋ ਨਰਕ ਵਿਚੋਂ ਪਾਪੀਆਂ ਦੀ ਸਜ਼ਾ ਭੁਗਤਿਆਂ ਦੀ, ਕੁਰਲਾਦਿਆਂ ਦੀ ਆਵਾਜ਼ ਆ ਰਹੀ ਸੀ। ਇਹ ਆਵਾਜ਼ ਜਦੋਂ ਰਾਜਾ ਜਨਕ ਜੀ ਨੇ ਸੁਣੀ, ਤਾਂ ਦੇਵਤਿਆਂ ਨੂੰ ਰੁਕਣ ਦਾ ਹੁਕਮ ਕੀਤਾ ਅਤੇ ਪੁੱਛਿਆ ਕਿ ਇਹ ਹਾਏ ਹਾਏ ਦੀ ਆਵਾਜ਼, ਤੇ ਚੀਖ ਪੁਕਾਰ ਕਿੱਥੋਂ ਆ ਰਹੀ ਹੈ। ਤਾਂ ਦੇਵਤਿਆਂ ਨੇ ਬੇਨਤੀ ਕੀਤੀ ਕਿ ਮਹਾਰਾਜ ਇਥੇ ਨੇੜੇ ਹੀ ਨਰਕ

ਹੈ, ਜਿੱਥੇ ਪਾਪੀ ਲੋਕ ਸਜ਼ਾ ਭੁਗਤ ਰਹੇ ਹਨ। ਇਹ ਆਵਾਜ਼ ਉਹਨਾਂ ਪਾਪੀਆਂ ਦੀ ਹੈ, ਜੋ ਕਿ ਸਜ਼ਾ ਭੋਗਦੇ ਹੋਏ ਹਾਇ ਹਾਇ ਕਰ ਰਹੇ ਹਨ।

ਤਾਂ ਰਾਜਾ ਜਨਕ ਜੀ ਨੇ ਧਰਮ ਰਾਜ ਨੂੰ ਹੁਕਮ ਕੀਤਾ ਕਿ ਅਸੀਂ ਕਿਸੇ ਦੁਖੀ ਦੀ ਚੀਖ ਪੁਕਾਰ ਸੁਣ ਕੇ ਅੱਗੇ ਲੰਘ ਜਾਈਏ, ਇਹ ਨਹੀਂ ਹੋ ਸਕਦਾ, ਇਸ ਲਈ ਬੇਨਤੀ ਹੈ ਕਿ ਇਹ ਸਭ ਦੁਖੀਆਂ ਨੂੰ ਨਰਕ ਵਿਚੋਂ ਕੱਢਿਆ ਜਾਵੇ, ਅਤੇ ਇਹਨਾਂ ਦੀ ਸਜ਼ਾ ਮੁਆਫ ਕੀਤੀ ਜਾਵੇ, ਤਾਂ ਹੀ ਅਸੀਂ ਅੱਗੇ ਜਾਵਾਂਗੇ। ਨਹੀਂ ਤਾਂ ਸਾਡਾ ਵਿਮਾਨ ਅੱਗੇ ਨਹੀਂ ਜਾਵੇਗਾ।

ਤਾਂ ਧਰਮ ਰਾਜ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਤਾਂ ਪ੍ਰਮਾਤਮਾ ਦੇ ਅਤੇ ਆਪ ਜੀ ਦੇ ਵੀ ਸੇਵਕ ਹਾਂ, ਸੋ ਸਾਡੀ ਤਾਂ ਇਹ ਪ੍ਰਮਾਤਮਾ ਵੱਲੋਂ ਡੀਊਟੀ ਹੈ, ਜ਼ਿੰਮੇਵਾਰੀ ਹੈ ਕਿ ਜੋ ਲੋਕ ਪਾਪ ਕਰਦੇ ਹਨ, ਉਹਨਾਂ ਨੂੰ ਸਜ਼ਾ ਦੇਈਏ। ਤਾਂ ਰਾਜਾ ਜਨਕ ਜੀ ਨੇ ਧਰਮ ਰਾਜ ਤੋਂ ਪੁੱਛਿਆ ਕਿ ਕੋਈ ਐਸਾ ਤਰੀਕਾ ਜਾਂ ਢੰਗ ਹੈ ਕਿ ਇਹ ਪਾਪੀ ਨਰਕ ਵਿਚੋਂ ਛੁਟ ਜਾਣ, ਤਾਂ ਧਰਮ ਰਾਜ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਇਕ ਤਰੀਕਾ ਹੈ, ਉਹ ਇਹ ਕਿ ਕੋਈ ਮਹਾਂਪੁਰਸ਼ ਤਪਵੀ, ਭਗਤੀ ਕਰਨ ਵਾਲਾ ਆਪਣੀ ਭਗਤੀ ਦਾ ਫਲ, ਇਹਨਾਂ ਪਾਪੀਆਂ ਨੂੰ ਦੇ ਦੇਵੇ ਤੇ ਤਾਂ ਛੁੱਟ ਸਕਦੇ ਹਨ।

ਤਾਂ ਰਾਜੇ ਜਨਕ ਜੀ ਨੇ ਤਰਾਜੂ ਲੈ ਕੇ ਉਸ ਦੇ ਇਕ ਪਲੜੇ ਤੇ, ਇਕ ਦਰਖਤ ਦੇ ਪੱਤੇ ਤੇ ਇਕ ਅੱਖਰ ਰਾਮ ਦਾ, ਸਿਰਫ ਰਾ ਪਹਿਲਾ ਅੱਖਰ ਲਿਖਿਆ ਤੇ ਉਹ ਪੱਤਾ ਤਰਾਜੂ ਦੇ ਇਕ ਪਲੜੇ ਤੇ ਪਾ ਦਿੱਤਾ, ਰੱਖ ਦਿੱਤਾ ਅਤੇ ਦੂਜੇ ਪਲੜੇ ਤੋਂ ਸਭ ਪਾਪੀਆਂ ਦੇ ਪਾਪ ਪਾ ਦਿੱਤੇ, ਜੋ ਕਿ ਨਰਕ ਭੋਗ ਰਹੇ ਸਨ, ਉਹਨਾਂ ਦੇ ਪਾਪ ਰੱਖ ਦਿੱਤੇ ਅਤੇ ਉਹ ਸਾਰੇ ਪਾਪ, ਪਾਪੀਆਂ ਦੇ ਪ੍ਰਮਾਤਮਾ ਦੇ ਇਕ ਨਾਮ, ਇਕ ਅੱਖਰ ਰਾ ਦੇ ਨਾਲ ਤੋਲ ਕੇ ਵੇਖੇ।

ਪਰ ਉਹ ਸਾਰੇ ਪਾਪੀਆਂ ਦੇ ਇਤਨੇ ਹਲਕੇ ਸਨ ਕਿ ਪ੍ਰਮਾਤਮਾ ਵਾਹਿਗੁਰੂ ਦੇ ਨਾਮ ਦੇ ਉਸ ਇਕ ਅੱਖਰ ਰਾ ਦੇ ਬਦਲੇ ਵਿਚ, ਸਾਰੇ ਪਾਪ ਇਕ ਪਾਸਕੂ ਜਿਨੇ ਵੀ ਨਾ ਬਣੇ। ਰਾਮ ਦੇ ਨਾਮ ਵਿਚ ਇਤਨੀ ਸ਼ਕਤੀ ਅਤੇ ਤਾਕਤ ਹੈ ਕਿ ਰਾਮ ਦੇ ਇਕ ਅੱਖਰ ਰਾ ਦੇ ਤੁਲ ਵੀ ਸਾਰੇ ਪਾਪੀਆਂ ਦੇ ਪਾਪ ਪੂਰੇ ਨਹੀਂ ਹੋ ਸੇ। ਭਾਈ ਗੁਰਦਾਸ ਜੀ ਕਹਿ ਰਹੇ ਹਨ ਕਿ ਸਾਰੇ ਪਾਪ ਇਕ ਪਾਸਕੂ ਜਿੰਨੇ ਵੀ ਨਹੀਂ ਹੋਏ ਤੇ ਉਸ ਦਾ ਨਤੀਜਾ ਫਲ ਇਹ ਹੋਇਆ ਕਿ ਨਰਕ ਵਿਚੋਂ ਸਾਰੇ ਜੀਅ ਜੰਤਾਂ ਦਾ ਨਿਸਤਾਰਾ, ਛੁਟਕਾਰਾ ਹੋ ਗਿਆ ਤੇ ਸਭ ਦੇ ਪਾਪ ਮੁਆਫ ਹੋ ਗਏ, ਪਾਪ ਖਤਮ ਹੋ ਗਏ ਤੇ ਉਹ ਸਾਰੇ ਜੀਵ ਨਰਕ ਵਿਚੋਂ ਨਿਕਲ ਕੇ ਸਵਰਗ ਵਿਚ ਸਚਖੰਡ ਵਿਚ ਚਲੇ ਗਏ।

ਸੋ ਇਹ ਜੋ ਮੁਕਤੀ ਦੀ ਜੁਗਤੀ ਹੈ, ਜੋ ਮੁਕਤੀ ਦਾ ਤਰੀਕਾ ਹੈ, ਇਹ ਨਾਮ ਜਪਣ ਵਾਲੇ ਨੂੰ ਆਪਣੇ ਆਪ ਜੀ ਆ ਜਾਂਦਾ ਹੈ। ਇਹ ਜੋ ਜੁਗਤੀ ਹੈ, ਤਰੀਕਾ ਹੈ, ਇਹ ਵਾਹਿਗੁਰੂ ਦੇ ਨਾਮ ਦੀ ਦਾਸੀ ਹੈ ਅਰਥਾਤ ਪਰਮੇਸ਼ਰ ਦਾ ਨਾਮ ਇਤਨਾ ਮਹਾਨ ਹੈ ਜਿਸ ਦੇ ਵਿਚ ਇਹ ਤਾਕਤ ਹੈ, ਸ਼ਕਤੀ ਹੈ ਕਿ ਸਾਰੇ ਜਗਤ ਵਿਚ ਘੋਰ ਪਾਪਾਂ ਦਾ ਇਕ ਛਿਨ ਵਿਚ ਨਿਸਤਾਰਾ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਦੀ ਇਹ ਪਉੜੀ ਵਿਚ ਜੋ ਇਕ ਪੰਗਤੀ ਆਈ ਹੈ (ਪਾਸੰਗ ਪਾਪ ਨ ਪੁਜਨੀ, ਗੁਰਮੁਖ ਨਾਉ ਅਤੁਲ ਨ ਤੁਲਾਸੀ) ਹੁਣ ਆਪਾਂ ਸਿਰਫ ਵਿਚ ਪੰਗਤੀ ਤੇ ਹੀ ਵਿਚਾਰ ਕਰਨੀ ਹੈ।

ਜਦੋਂ ਸਿੱਖ ਪ੍ਰਾਣੀ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ,ਉਸ ਵੇਲੇ ਏਹੀ ਨਾਮ ਰੂਪੀ ਬਾਣੀ ਜੋ ਪ੍ਰਮੇਸ਼ਰ ਦੀ ਆਪਣੀ ਬਾਣੀ ਹੈ, ਜੋ ਕਿ ਘੁਰ ਦਰਗਾਹ ਤੋਂ ਆਈ ਹੈ, ਜੋ ਸਤਿਗੁਰ ਆਪ ਕਹਿੰਦੇ ਹਨ ਕਿ (ਧੁਰ ਕੀ ਬਾਣੀ ਆਈ, ਤਿੰਨ ਸਗਲੀ ਚਿੰਤ ਮਿਟਾਈ। (ਸੋਰਠਿ ਮ: ੫, ਪੰਨਾ ੬੨੯)। ਇਸੇ ਹੀ ਬਾਣੀ ਦਾ ਪਾਠ, ਕੀਤਾ ਜਾਂਦਾ ਹੈ, ਜੋ ਕਿ 1. ਜਪੁ ਜੀ ਸਾਹਿਬ, 2. ਜਾਪੁ ਸਾਹਿਬ, 3. ਸਵੇਯੈ, 4. ਚੌਪਈ ਤੇ 5. ਅਨੰਦ ਸਾਹਿਬ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ਅਤੇ ਜਿਸ ਜਲ ਦੇ ਉੱਪਰ ਮਨ, ਬਚਨ, ਕਰਮ ਤੇ ਨੇਤ੍ਰਾਂ ਦਾ ਧਿਆਨ ਸਿੱਧਾ ਉਸ ਜਲ ਤੇ ਪੈਂਦਾ ਹੈ, ਤਾਂ ਉਹ ਜਲ ਅੰਮ੍ਰਿਤ ਬਣ ਜਾਂਦਾ ਹੈ। ਅਤੇ ਫਿਰ ਉਸ ਅੰਮ੍ਰਿਤ ਜਲ ਨੂੰ ਪ੍ਰਾਣੀ ਮਾਤਰ ਨੂੰ ਛਕਾਇਆ ਜਾਂਦਾ ਹੈ ਅਤੇ ਪ੍ਰਾਣੀ ਦੇ ਕੇਸਾਂ ਵਿਚ ਅਤੇ ਨੇਤਰਾਂ ਵਿਚ ਪੰਜ ਪੰਜ ਵਾਰੀ ਅੰਮ੍ਰਿਤ ਦੇ ਛੱਟੇ ਮਾਰੇ ਜਾਂਦੇ ਹਨ, ਤਾਂ ਉਹ ਪ੍ਰਾਣੀ ਅੰਮ੍ਰਿਤਧਾਰੀ ਸਿੰਘ ਤਿਆਰ ਬ ਤਿਆਰ ਹੋ ਜਾਂਦਾ ਹੈ। ਕਿਉਂਕਿ ਪ੍ਰਮਾਤਮਾ ਦਾ ਨਾਮ ਸ਼ਕਤੀਸ਼ਾਲੀ ਹੈ ਇਸ ਲਈ ਅੰਮ੍ਰਿਤ ਛਕਣ ਵਾਲਾ ਪ੍ਰਾਣੀ (ਮਨੁੱਖ) ਵੀ ਸ਼ਕਤੀਸ਼ਾਲੀ ਹੋ ਜਾਂਦਾ ਹੈ ਅਤੇ ਉਹ ਇਤਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਜੇ ਚਾਹੇ ਤਾਂ ਬਿਨਾ ਸਿਰ ਤੋਂ ਹੀ ਸਿਰਫ ਧੜ ਹੀ ਦੁਸ਼ਮਨਾਂ ਨਾਲ ਟੱਕਰ ਲੈ ਸਕਦਾ ਹੈ, ਜਿਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਬਿਨਾਂ ਸਿਰ ਤੋਂ ਲੜੇ ਸਨ ਅਤੇ ਜੇ ਕਰ ਚਾਹੇ ਤਾਂ ਸਵਾ ਸਵਾ ਲੱਖ ਬੰਦੇ ਨਾਲ ਇਕੱਲਾ ਹੀ ਟੱਕਰ ਲੈ ਸਕਦਾ ਹੈ, ਜਿਸ ਤਰ੍ਹਾਂ ਚਮਕੌਰ ਦੀ ਜੰਗ ਵਿਚ ਸਿੰਘਾਂ ਨੇ ਟੱਕਰ ਲਈ ਅਤੇ ਜੇ ਚਾਹੇ ਤਾਂ ਹਾਥੀ ਨਾਲ ਵੀ ਮੁਕਾਬਲਾ ਕਰ ਸਕਦਾ ਹੈ, ਜਿਸ ਤਰ੍ਹਾਂ ਬਚਿਤ੍ਰ ਸਿੰਘ ਨੇ ਕੀਤਾ ਸੀ, ਅਤੇ ਨਾਮ ਦੀ ਸ਼ਕਤੀ ਕਰ ਕੇ ਹੀ ਤਪਦੀ ਲੋਹ ਤੇ ਵੀ ਬੈਠ ਸਕਦਾ ਹੈ। ਤੇ ਦੇਗ ਵਿਚ ਵੀ ਉੱਬਲ ਸਕਦਾ ਹੈ, ਆਰੇ ਨਾਲ ਸਰੀਰ ਦੋ ਫਾੜ ਵੀ ਕਰਵਾ ਸਕਦਾ ਹੈ। ਖੋਪਰ ਵੀ ਲੁਹਾ ਸਕਦਾ ਹੈ ਅਤੇ ਸਰੀਰ ਦਾ ਬੰਦ ਬੰਦ ਵੀ ਕਟਵਾ ਸਕਦਾ ਹੈ। ਪਰ ਇਸ ਦੀ ਸਿੱਖੀ ਵਿਚ ਕੋਈ ਫਰਕ ਨਹੀਂ ਪੈਂਦਾ ਅਤੇ ਜ਼ਿੰਦਾ ਨੀਂਹਾਂ ਵਿਚ ਚਿਣਿਆ ਜਾਵੇ, ਤਾਂ ਵੀ ਬੋਲੇ ਸੋ ਨਿਹਾਲ ਦੇ ਜੈਕਾਰੇ ਛਡਦਾ ਹੈ। ਚਰਖੀ ਉੱਤੇ ਚਾੜ੍ਹ ਕੇ ਇਸ ਦੇ ਸਰੀਰ ਦਾ ਤੂੰਬਾ ਤੂੰਬਾ ਉਡਾ ਦਿੱਤਾ ਜਾਵੇ ਤਾਂ ਵੀ ਇਸ ਦਾ ਸਿਦਕ ਨਹੀਂ ਡੋਲਦਾ। ਸੋ ਐਸੇ ਐਸੇ ਪੱਕੇ ਰਹਿਤ ਧਾਰੀ ਗੁਰ ਸਿੱਖ ਅੰਮ੍ਰਿਤਧਾਰੀ ਹਨ। ਉਹ ਹਰ ਬਿਪਤਾ ਦਾ ਮੁਕਾਬਲਾ ਕਰਨ ਦੇ ਯੋਗ ਹੁੰਦੇ ਹਨ, ਕਿਉਂਕਿ ਪ੍ਰਮੇਸ਼ਰ ਦਾ ਅੰਮ੍ਰਿਤ ਨਾਮ ਉਹਨਾਂ ਦੇ ਅੰਦਰ ਵਸਿਆ ਹੁੰਦਾ ਹੈ ਸੋ ਇਸ ਤਰ੍ਹਾਂ ਪ੍ਰਮੇਸ਼ਰ ਸ਼ਕਤੀਸ਼ਾਲੀ ਹੈ ਉਸੇ ਤਰ੍ਹਾਂ ਉਹ ਮਨੁੱਖ ਵੀ ਸ਼ਕਤੀਸ਼ਾਲੀ ਹੋ ਜਾਦਾ ਹੈ।

ਹੁਣ ਅਸੀਂ ਜੋ ਆਪ ਹੀ ਢਿੱਲੇ ਹਾਂ ਅਤੇ ਗੱਲਾਂ ਵੀ ਢਹਿੰਦੀਆਂ ਕਲਾਂ ਦੀਆਂ ਹੀ ਕਰਦੇ ਹਾਂ ਅਤੇ ਗੱਲਾਂ ਕਰ ਕੇ ਅੰਮ੍ਰਿਤ ਧਾਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹਾਂ, ਬਹੁਤ ਹੀ ਘਟੀਆ ਗੱਲਾਂ ਕਰ ਕੇ ਜਿਵੇਂ ਕਿ ਅਸੀਂ ਅੰਮ੍ਰਿਤਧਾਰੀ ਸਿੰਘ ਨੂੰ ਕਹਾਂਗੇ ਕਿ ਦੇਖ ਭਾਈ ਤੂੰ ਬੇ ਅੰਮ੍ਰਿਤੀਏ ਦਾ ਜੂਠਾ ਛੱਕ ਲਿਆ ਹੈ, ਤੇਰਾ ਅੰਮ੍ਰਿਤ ਖੰਡਨ ਹੋ ਗਿਆ ਹੈ, ਭੰਗ ਹੋ ਗਿਆ ਹੈ, ਸੋ ਤੂੰ ਦੁਬਾਰਾ ਅੰਮ੍ਰਿਤ ਛਕ। ਇਸ ਹਿਸਾਬ ਨਾਲ ਤਾਂ ਫਿਰ ਬੇ ਅੰਮ੍ਰਿਤੀਆ ਸਿੱਖ, ਅੰਮ੍ਰਿਤਧਾਰੀ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੋ ਗਿਆ ਜਿਸ ਦਾ ਜੂਠਾ ਖਾਣ ਨਾਲ ਅੰਮ੍ਰਿਤ ਧਾਰੀ ਦਾ ਅੰਮ੍ਰਿਤ ਭੰਗ ਹੋ ਜਾਂਦਾ ਹੇ। ਕੁਝ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਕਰ ਅੰਮ੍ਰਿਤੀਏ ਦੇ ਜੂਠ ਦੇ ਜ਼ਰਾਸੀਮ, ਅੰਮ੍ਰਿਤ ਧਾਰੀ ਦੇ ਅੰਦਰ ਜਾ ਸਕਦੇ ਹਨ, ਤਾਂ ਉਸ ਦਾ ਅੰਮ੍ਰਿਤ ਤੋੜ ਸਕਦੇ ਹਨ ਤਾਂ ਕੀ ਅੰਮ੍ਰਿਧਾਰੀ ਦੇ ਜੂਠ ਦੇ ਜਰਾਸੀਮ ਬੇ ਅੰਮ੍ਰਿਤੀਏ ਦੇ ਅੰਦਰ ਨਹੀਂ ਜਾ ਸਕਦੇ?

ਜਿਸ ਤਰ੍ਹਾਂ ਈਸਾਈ ਅਤੇ ਮੁਸਲਮ ਧਰਮ ਵਿਚ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਸ਼ੈਤਾਨ ਤੋਂ

ਬਚ ਕੇ ਰਹਿਣਾ ਚਾਹੀਦਾ ਹੈ, ਸ਼ੈਤਾਨ ਬਹੁਤ ਸ਼ਕਤੀਸ਼ਾਲੀ ਹੈ, ਉਹ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦਾ ਅਤੇ ਉਹ ਇਨਸਾਨ ਨੂੰ ਪੁੱਠੇ ਪਾਸੇ, ਗਲਤ ਪਾਸੇ, ਗਲਤ ਪਾਸੇ, ਪ੍ਰੇਰਦਾ ਹੈ। ਇਸ ਲਈ ਪ੍ਰਮੇਸ਼ਰ ਤੋਂ ਜ਼ਿਆਦਾ ਸ਼ੈਤਾਨ ਤੋਂ ਹੁਸ਼ਿਆਰ ਰਹਿਣਾ ਚਾਹੀਦਾ ਹੈ। ਇਸ ਖਿਆਲ ਮੁਤਾਬਿਕ ਤਾਂ ਫਿਰ ਸ਼ੈਤਾਨ ਪ੍ਰਮਾਤਮਾ ਤੋਂ ਵੀ ਜ਼ਿਆਦਾ ਸ਼ਕਤੀਸ਼ਾਲੀ ਹੋ ਗਿਆ। ਫਿਰ ਤਾਂ ਪ੍ਰਮੇਸ਼ਰ ਤਾਂ ਸ਼ੈਤਾਨ ਸਾਹਮਣੇ ਕੁਛ ਵੀ ਨਹੀਂ, ਸੋ ਇਸ ਹਿਸਾਬ ਨਾਲ ਤਾਂ ਫਿਰ ਸ਼ੈਤਾਨ ਹੀ ਰਬ ਜਾਂ ਪ੍ਰਮੇਸ਼ਰ ਹੋ ਗਿਆ। ਜੋ ਕਿ ਮਨੁੱਖ ਨੂੰ ਪ੍ਰਮੇਸ਼ਰ ਨਾਲ, ਮਿਲਣ ਨਹੀਂ ਦੇਂਦਾ। ਗੁਰਬਾਣੀ ਤਾਂ ਕਹਿੰਦੀ ਹੈ (ਸਭਿ ਊਪਰ ਪਾਰਬ੍ਰਹਮ ਦਾਤਾਰ) (ਤਿਲੰਗ ਮ: ੫, ਪੰਨਾ ੧੨੪) ਅਰਥਾਤ ਸਭ ਤੋਂ ਉੱਪਰ ਸਿਰਫ ਪਾਰਬ੍ਰਹਮ ਪ੍ਰਮੇਸ਼ਰ ਹੈ ਜੋ ਕਿ ਸਿਰਫ ੧ਓਅੰਕਾਰ ਹੈ ਜੋ ਕਿ ਸਤਿਨਾਮ (ਸੱਚ ਦਾ ਨਾਮ) ਹੈ, ਅਤੇ ਉਹ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਕਰਤਾ ਪੁਰਖ ਹੈ, ਜੋ ਕਿ ਸ਼ੈਤਾਨ ਨੂੰ ਵੀ ਬਨਾਣ ਵਾਲਾ ਹੈ, ਹੁਣ ਪਾਠਕ ਆਪ ਹੀ ਸੋਚਣ ਕਿ ਬਣਨ ਵਾਲਾ ਵੱਡਾ ਹੁੰਦਾ ਹੈ ਕਿ ਬਨਾਉਣ ਵਾਲਾ ਵੱਡਾ ਹੁੰਦਾ ਹੈ ਅਤੇ ਜੇ ਕਰ ਬਨਾਉਣ ਵਾਲਾ ਵੱਡਾ ਹੈ ਤਾਂ ਫਿਰ ਸ਼ੈਤਾਨ ਕਿਵੇਂ ਵੱਡਾ ਹੋ ਜਾਏਗਾ? ਅਤੇ ਪ੍ਰਮੇਸ਼ਰ ਨਿਰਭਉ ਵੀ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਡਰ ਆਪ ਤੋਂ ਵੱਡੇ ਜਾਂ ਆਪ ਤੋਂ ਸ਼ਕਤੀਸ਼ਾਲੀ ਦਾ ਹੁੰਦਾ ਹੈ ਤੇ ਪ੍ਰਮੇਸ਼ਰ ਤੋਂ ਸ਼ਕਤੀਸ਼ਾਲੀ ਕੋਈ ਹੈ ਈ ਨਹੀਂ ਤਾਂ ਉਸ ਨੂੰ ਡਰ ਕਿਸ ਦਾ ਹੋਣਾ ਹੈ ਅਤੇ ਜੇਕਰ ਸ਼ੈਤਾਨ ਸ਼ਕਤੀਸ਼ਾਲੀ ਹੈ ਤਾਂ ਫਿਰ ਤਾਂ ਪ੍ਰਮੇਸ਼ਰ ਨੂੰ ਉਸ ਤੋਂ ਡਰਨਾ ਚਾਹੀਦਾ ਹੈ ਅਤੇ ਪ੍ਰਮੇਸ਼ਰ ਨਿਰਵੈਰ ਹੈ, ਵੈਰ ਬਰਾਬਰ ਦੇ ਬੰਦੇ ਤਾਂ ਆਪ ਤੋਂ ਸ਼ਕਤੀਸ਼ਾਲੀ ਨਾਲ ਹੁੰਦਾ ਹੈ ਤੇ ਜਦ ਉਸ ਦੇ ਬਰਾਬਰ ਕੋਈ ਹੈ ਈ ਨਹੀਂ, ਤਾਂ ਉਹਨੇ ਵੈਰ ਕਿਸ ਨਾਲ ਕਰਨਾ ਹੈ, ਉਸਦੀ ਕਿਸੇ ਨਾਲ ਦੁਸ਼ਮਣੀ ਨਹੀਂ ਅਤੇ ਉਹ ਅਕਾਲ ਮੂਰਤਿ ਹੈ, ਉਹ ਐਸੀ ਮੂਰਤੀ ਹੈ ਜਿਸ ਨੂੰ ਕਾਲ, ਮੌਤ ਨਹੀਂ ਆਂਵਦੀ, ਉਹ ਸਮੇਂ ਵਿਚ ਨਹੀਂ ਆਂਵਦਾ, ਹੋਰ ਸਭ ਮੂਰਤੀਆਂ ਖਤਮ ਹੋ ਜਾਂਦੀਆਂ ਹਨ। ਪਰ ਉਹ ਸਮੇਂ ਤੋਂ ਬਾਹਰ ਹੈ ਅਤੇ ਉਹ ਅਜੂਨੀ ਹੈ, ਕਿਸੇ ਵੀ ਯੋਨੀ ਤੋਂ ਪੈਦਾ ਨਹੀਂ ਹੁੰਦਾ ਤੇ ਨਾ ਹੀ ਕਿਸੇ ਜੂਨ ਵਿਚ ਹੈ ਅਤੇ ਉਹ ਪ੍ਰਮੇਸ਼ਰ (ਸੈਭੰ) ਉਹ ਸੁੱਤੇ ਪ੍ਰਕਾਸ਼ ਹੈ। ਉਹ ਆਪਣੇ ਆਪ ਹੀ ਪੈਦਾ ਹੁੰਦਾ ਹੈ, ਉਸ ਨੂੰ ਕਿਸੇ ਨੇ ਵੀ ਪੈਦਾ ਨਹੀਂ ਕੀਤਾ। ਸੋ ਜਿਸ ਪ੍ਰਮੇਸ਼ਰ ਦੇ ਇਤਨੇ ਗੁਣ ਹਨ ਅਤੇ ਜਿਸ ਦਾ ਨਾਮ ਜਪਣ ਜਾਂ ਪਾਠ ਕਰਨ ਨਾਲ ਲੋਕ ਇਤਨੇ ਸ਼ਕਤੀ ਸ਼ਾਲੀ ਹੋ ਜਾਦੇ ਹਨ। ਕੀ ਉਹ ਲੋਕ ਇਕ ਸਿਰਫ ਕਿਸੇ ਦਾ ਜੂਠਾ ਖਾਣ ਨਾਲ, ਯਾ ਮਾਸ ਖਾਣ ਨਾਲ, ਯਾਂ ਬੇ ਧਿਆਨੀ ਵਿਚ ਕਿਸੇ ਕਕਾਰ ਲਹਿ ਜਾਣ ਨਾਲ, ਉਹ ਬੇ ਅੰਮ੍ਰਿਤੀਏ ਹੋ ਜਾਣਗੇ? ਕਿੱਡੀ ਹਾਸੇ ਹੀਣੀ ਗੱਲ ਹੈ ਤੇ ਕਿਤਨੇ ਗ਼ਲਤ ਵਿਚਾਰ ਹਨ ਸਾਡੇ, ਅੰਮ੍ਰਿਤਧਾਰੀਆਂ ਦੇ ਸੰਬੰਧ ਵਿਚ।

ਦੁਨੀਆਂ ਦੇ ਕਿਸੇ ਸ਼ੈਤਾਨ ਵਿਚ ਇਹ ਹਿੰਮਤ ਨਹੀਂ, ਦੁਨੀਆਂ ਦੇ ਕਿਸੇ ਜ਼ਾਲਮ ਵਿਚ ਇਹ ਸ਼ਕਤੀ ਨਹੀਂ, ਦੁਨੀਆਂ ਦੇ ਕਿਸੇ ਜੂਠ ਵਿਚ ਇਹ ਸ਼ਕਤੀ ਨਹੀਂ ਕਿ ਉਹ ਪ੍ਰਮਾਤਮਾ ਨਾਲ, ਯਾਂ ਉਸ ਦੇ ਅੰਮ੍ਰਿਤ ਧਾਰੀਆਂ ਦਾ ਮੁਕਾਬਲਾ ਕਰ ਸਕੇ, ਇਸ ਲਈ ਇਹ ਡਰਾਵਾ ਦੇਣਾ ਕਿ ਕਿਸੇ ਬੇਅੰਮ੍ਰਿਤੀਏ ਦੇ ਨਾਲ ਯਾਂ ਉਸ ਦਾ ਜੂਠਾ ਖਾਣ ਨਾਲ ਅੰਮ੍ਰਿਤ ਭੰਗ ਹੋ ਜਾਂਦਾ ਹੈ, ਹਾਸੋਹੀਣੀ ਗੱਲ ਹੈ।

ਸਤਿਗੁਰ ਜੀ ਨੇ ਰਹਿਤ ਰੱਖਣ ਦੀ ਪਾਬੰਦੀ ਇਸ ਲਈ ਲਗਾਈ ਹੈ ਯਾਂ ਰਹਿਤ ਨਾਮੇ ਵਿਚ ਜੋ ਚਿਤਾਵਨੀਆਂ ਦਿੱਤੀਆਂ ਹਨ ਕਿ ਕਛਹਿਰਾ ਜਾਂ ਕੜਾ, ਕੰਘਾ ਜਾਂ ਕਿਰਪਾਨ, ਕੇਸ ਸਰੀਰ ਤੋਂ ਅਲੱਗ ਨਹੀਂ ਕਰਨੇ, ਜੇ ਕਰੋਗੇ ਤਾਂ ਦੁਬਾਰਾ ਅੰਮ੍ਰਿਤ ਛਕਣਾ ਪਵੇਗਾ। ਇਹ ਚਿਤਾਵਨੀ ਹੈ ਤਾਂ ਕਿ ਗੁਰੂ ਕਾ

ਸਿੱਖ ਆਵੇਸਲਾ ਨਾ ਹੋ ਜਾਵੇ, ਇਹਨਾਂ ਕਕਾਰਾਂ ਤੋਂ ਅਤੇ ਨਿਤਨੇਮ ਤੋਂ ਅਵੇਸਲਾ ਨਾ ਹੋ ਜਾਵੇ, ਕਿਉਂ ਕਿ ਅਵੇਸਲਾ ਪਨ ਹੀ ਬੰਦੇ ਨੂੰ ਆਲਸੀ ਬਣਾ ਦੇਂਦਾ ਹੈ ਅਤੇ ਅਵੇਸਲਾ ਪਨ ਹੀ ਬੰਦੇ ਨੂੰ ਨਿਕੰਮਾ ਬਣਾਂਦਾ ਹੈ ਤੇ ਜਦੋਂ ਬੰਦਾ ਅਵੇਸਲਾ ਪਨ ਕਰੇਗਾ ਤਾਂ ਆਲਸੀ ਹੋ ਜਾਏਗਾ ਤੇ ਜਦੋਂ ਆਲਸੀ ਹੋ ਜਾਵੇਗਾ ਤਾਂ ਉਦੋਂ ਸਵੇਰੇ ਅੰਮ੍ਰਿਤ ਵੇਲੇ ਉੱਠਣ ਤੋਂ ਗੁਰੇਜ਼ ਕਰੇਗਾ ਅਤੇ ਜੇ ਕਰ ਸਵੇਰੇ ਉੱਠੇਗਾ ਹੀ ਨਹੀਂ, ਤਾਂ ਇਸ਼ਨਾਨ ਕਰਨ ਤੋਂ ਵੀ ਪਰਹੇਜ਼ ਕਰੇਗਾ। ਇਸ਼ਨਾਨ ਨਹੀਂ ਕਰੇਗਾ, ਤਾਂ ਕਈ ਬੀਮਾਰੀਆਂ ਚੰਬੜ ਜਾਣਗੀਆਂ, ਲੱਗ ਜਾਣਗੀਆਂ ਅਤੇ ਅਵੇਸਲੇ ਪਨ ਵਿਚ ਨਿਤਨੇਮ ਨਹੀਂ ਕਰੇਗਾ। ਗੁਰਬਾਣੀ ਨਹੀਂ ਪੜ੍ਹੇਗਾ ਤਾਂ ਇਸ ਨੂੰ ਚੰਗੀ ਮਤ ਨਹੀਂ ਮਿਲੇਗੀ ਤੇ ਜਦੋਂ ਚੰਗੀ ਮਤ ਨਹੀਂ ਮਿਲੇਗੀ, ਤਾਂ ਗਲਤ ਤੇ ਖੋਟੇ ਤੇ ਭੈੜੇ ਕੰਮ ਕਰੇਗਾ। ਖੋਟੇ ਕੰਮਾਂ ਵਿਚ ਫਿਰ ਸਾਰੇ ਅਉਗੁਣ ਆ ਜਾਣਗੇ, ਇਹ ਕਛਹਿਰੇ ਦਾ ਧਾਰਨੀ ਨਹੀਂ ਰਹੇਗਾ ਤਾਂ ਵਿਭਚਾਰ ਵਿਚ ਫਸ ਜਾਏਗਾ ਤੇ ਵਿਭਚਾਰ ਵਿਚ ਫਸੇਗਾ ਤਾਂ ਕਈ ਬੀਮਾਰੀਆਂ ਲੱਗ ਜਾਣਗੀਆਂ ਅਤੇ ਆਲਸੀ ਹੋ ਜਾਏਗਾ, ਤਾਂ ਕਿਰਪਾਨ ਲਾਹ ਕੇ ਰੱਖ ਦੇਵੇਗਾ ਤੇ ਜਦੋਂ ਕਿਰਪਾਨ ਲਾਹ ਦੇਵੇਗਾ ਤਾਂ ਕਿਸੇ ਵੇਲੇ ਵੀ ਮੁਸੀਬਤ ਵਿਚ ਫਸ ਸਕਦਾ ਹੈ, ਅਤੇ ਮਾਨਸਿਕ ਤੌਰ 'ਤੇ ਵੀ ਕਮਜ਼ੋਰ ਹੋ ਜਾਏਗ। ਫਿਰ ਦੁਸ਼ਮਨ ਇਸ ਨੂੰ ਲੁੱਟ ਕੇ ਲੈ ਜਾਣਗੇ ਅਤੇ ਜੇ ਆਲਸੀ ਹੋਵੇਗਾ ਤਾਂ ਇਹ ਕੇਸਾਂ ਵਿਚ ਕੰਘਾਂ ਨਹੀਂ ਫੇਰੇਗਾ। ਕੇਸਾਂ ਦੀ ਸਫਾਈ ਨਹੀਂ ਕਰੇਗਾ। ਕੇਸਾਂ ਦੀ ਸਫਾਈ ਨਹੀਂ ਕਰੇਗਾ ਤਾਂ ਕੇਸਾਂ ਵਿਚ ਜੂਆਂ ਪੈ ਜਾਣਗੀਆਂ ਤਾਂ ਦਿਮਾਗੀ ਤੌਰ 'ਤੇ ਬੀਮਾਰ ਹੋ ਜਾਏਗਾ। ਸੌ ਇਹਨਾਂ ਸਾਰੀਆਂ ਹੀ ਬੀਮਾਰੀਆਂ ਤੋਂ ਬਚਾਣ ਲਈ ਸਤਿਗੁਰ ਜੀ ਨੇ ਇਹ ਰਹਿਤ ਮਰਯਾਦਾ ਦੀ ਪਾਬੰਦੀਆਂ ਲਗਾਈਆਂ ਹਨ ਕਿ ਗੁਰੂ ਕਾ ਸਿੱਖ ਜਿਨਾ ਹੁਸ਼ਿਆਰ ਆਪਣੀ ਰਹਿਤ ਦਾ ਪੱਕਾ ਰਹੇਗਾ, ਉਤਨਾ ਹੀ ਮਜ਼ਬੂਤ ਤੇ ਤਗੜਾ ਹੋਵੇਗਾ। ਸਾਰੇ ਰੋਗਾਂ ਤੋਂ, ਸਾਰੇ ਡਰਾਂ ਤੋਂ, ਸਾਰੀਆਂ ਬੀਮਾਰੀਆਂ ਤੋਂ ਬਚਿਆ ਰਹੇਗਾ ਤੇ ਗੁਰੂ ਕਾ ਸਿੱਖ ਚੜ੍ਹਦੀ ਕਲਾ ਵਿਚ ਰਹੇਗਾ ਅਤੇ ਇਹ ਆਲਸ ਤੋਂ ਦੂਰ ਰਹਿ ਕੇ ਹਰ ਕੰਮ ਵਿਚ ਹਰ ਮੈਦਾਨ ਵਿਚ ਸਫਲਤਾ ਹਾਸਲ ਕਰੇਗਾ।

ਮੋਬਾਇਲ : 09780708747

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

## POSITIVE THINKING

* Journey of life starts with a full bag of luck and an empty bag of experience. The goal is to fill bag of experience before the bag of luck gets empty.
* God has deposited love, joy, peace, prosperity, laughter & blessing in our life's ATM. Password is "PRAYER".
* A small dot can stop a big sentence. But few more dots can give a continuity. Amazing but true every ending can be a new beginning.

***With best Compliments from a Well Wisher***

# ਟੈਗੋਰ ਅਕੈਡਮੀ ਰਤਨ ਅਵਾਰਡੀ ਪ੍ਰੋ. ਕਰਤਾਰ ਸਿੰਘ ਜੀ

**ਸੁਖਵਿੰਦਰ ਸਿੰਘ**

ਭਾਰਤ ਸਰਕਾਰ ਦੀ ਕਲਾ ਨੂੰ ਉਤਸ਼ਾਹਿਤ ਕਰਨ ਵਾਲੀ ਸਰਵ ਉੱਤਮ ਸੰਸਥਾ ਸੰਗੀਤ ਨਾਟਕ ਅਕੈਡਮੀ ਵਲੋਂ ਰਬਿੰਦਰਨਾਥ ਟੈਗੋਰ ਦੇ 150ਵੇਂ ਜਨਮ ਦਿਨ ਟੈਗੋਰ ਅਕੈਡਮੀ ਰਤਨ ਅਵਾਰਡ ਨਾਲ 50 ਹਸਤੀਆਂ ਜਿਹਨਾਂ ਨੇ ਗਾਇਨ ਵਾਦਨ, ਨ੍ਰਿਤ ਤੇ ਡਰਾਮਾ ਕਲਾ ਪ੍ਰਚਾਰ ਤੇ ਪ੍ਰਸਾਰਨ ਵਿੱਚ ਵਿਸ਼ੇਸ਼ ਯੋਗਦਾਨ ਪਇਆ ਉਹਨਾਂ ਨੂੰ ਟੈਗੋਰ ਅਕੈਡਮੀ ਰਤਨ ਅਵਾਰਡ ਦੇਣ ਦਾ ਫੈਸਲਾ ਲਿਆ। ਪੰਜਾਬ ਵਿਚੋਂ ਗੁਰਮਤਿ ਸੰਗੀਤ ਦੇ ਮਾਰਤੰਡ, ਬਾਬਾ ਬੋਹੜ ਪ੍ਰੋ. ਕਰਤਾਰ ਸਿੰਘ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਜਿਹਨਾਂ ਨੇ ਗੁਰਮਤਿ ਸੰਗੀਤ ਦੀ ਪ੍ਰੰਪਰਾਗਤ ਕੀਰਤਨ ਸ਼ੈਲੀ ਨੂੰ ਪੁਨਰ ਸੁਰਜੀਤ ਕਰਨ ਵਿੱਚ ਬਹੁਤ ਹੀ ਵੱਡਾ ਤੇ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਗੁਰਮਤਿ ਸੰਗੀਤ ਤੇ ਸੰਗੀਤ ਦੇ ਪ੍ਰਬੰਧ ਤੇ ਪ੍ਰਸਾਰ ਲਈ ਕੀਤੇ ਨਿੱਗਰ ਯਤਨਾਂ ਸਦਕਾ ਹੀ ਸੰਗੀਤ ਨਾਟਕ ਅਕੈਡਮੀ ਨਵੀ ਦਿੱਲੀ ਨੇ 'ਟੈਗੋਰ ਅਕੈਡਮੀ ਰਤਨ' ਉਪਾਧੀ ਦੇਣ ਦਾ ਫੈਸਲਾ ਲਿਆ, ਜਿਸ ਨਾਲ ਸੰਗੀਤ ਤੇ ਗੁਰਮਤਿ ਸੰਗੀਤ ਸ਼੍ਰੋਤਿਆਂ ਵਿੱਚ ਖੁਸ਼ੀ ਦੀ ਲਹਿਰ ਛਾ ਗਈ ਤੇ ਗੁਰਮਤਿ ਸੰਗੀਤ ਵਿਸ਼ੇ ਤੇ ਰੀਸਰਚ ਕਰਨ ਵਾਲੇ, ਕੀਰਤਨੀਏ, ਅਧਿਆਪਕਾਂ ਤੇ ਵਿਦਿਆਰਥੀਆ ਨੂੰ ਹੋਰ ਦ੍ਰਿੜ੍ਹਤਾ ਨਾਲ ਲੱਗੇ ਰਹਿਣ ਲਈ ਪ੍ਰੇਰਨਾ ਮਿਲੀ ।

**ਟੈਗੋਰ ਅਕੈਡਮੀ ਰਤਨ' ਅਵਾਰਡ** :- ਮਿਤੀ 25-04 2012 ਨੂੰ ਰਬਿੰਦਰਾ ਭਵਨ ਕਲਕੱਤਾ ਵਿਖੇ ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਵਲੋਂ ਪ੍ਰੋ. ਕਰਤਾਰ ਸਿੰਘ ਜੀ ਨੂੰ ਟੈਗੋਰ ਅਕੈਡਮੀ ਰਤਨ ਅਵਾਰਡ ਐਮ. ਕੇ. ਨਰਾਇਨ ਪੱਛਮੀ ਬੰਗਾਲ ਦੇ ਰਾਜਪਾਲ ਨੇ ਦੁਸ਼ਾਲਾ, ਤਾਮਰ ਪੱਤਰ ਤੇ ਤਿੰਨ ਲੱਖ ਦੀ ਰਾਸ਼ੀ ਨਾਲ ਕਲਕੱਤੇ ਵਿਖੇ ਸਨਮਾਨਿਤ ਕੀਤਾ ਗਿਆ।

**ਜਨਮ :-** ਪ੍ਰੋ. ਕਰਤਾਰ ਸਿੰਘ ਦਾ ਜਨਮ 3 ਅਪ੍ਰੈਲ 1928 ਨੂੰ ਸ. ਅਤਰ ਸਿੰਘ ਜੀ ਮਾਤਾ ਸਰਦਾਰਨੀ ਹਰਨਾਮ ਕੌਰ ਜੀ ਦੇ ਘਰ ਪਿੰਡ ਘੁੰਮਣਕੇ ਡਾਕਖਾਨਾ ਬਘਿਆਣਾ ਕਲਾਂ ਤਹਿ. ਚੂਣੀਆਂ ਜ਼ਿਲ੍ਹਾ ਲਾਹੌਰ ਪਾਕਿਸਤਾਨ ਵਿਖੇ ਹੋਇਆ।

**ਪਰਿਵਾਰ :-** ਪਤਨੀ ਸਵਰਨ ਕੌਰ, ਸੁਖਬੀਰ ਕੌਰ, ਮਨਜੀਤ ਕੌਰ ਦੋ ਪੁਤਰੀਆਂ, ਪੁੱਤਰ ਸ. ਅਮਰਜੀਤ ਸਿੰਘ ਐਡਵੋਕੇਟ, ਸ. ਅੰਮ੍ਰਿਤਪਾਲ ਸਿੰਘ ਇੰਨਜੀਅਰ, ਸਵਾ. ਸ. ਇੰਦਰਪਾਲ ਸਿੰਘ ।

**ਸੰਗੀਤ ਸਿੱਖਿਆ :-** 1941 ਤੋਂ ਉਸਤਾਦ ਗਿਆਨੀ ਗੁਰਚਰਨ ਸਿੰਘ ਜੀ ਤੋਂ ਫਿਰ ਭਾਈ ਸੁੰਦਰ ਸਿੰਘ ਜੀ ਕਸੂਰ ਵਾਲੇ, ਭਾਈ ਦਲੀਪ ਸਿੰਘ ਜੀ, ਗਾਇਨ ਅਚਾਰੀਆ ਜੇ. ਐਸ. ਭੰਵਰਾ ਜੀ , ਸ੍ਰੀ ਬਲਵੰਤ ਰਾਏ ਜੀ ਜਸਵਾਲ ਜੀ ਪਾਸੋਂ ਤਾਲੀਮ ਪ੍ਰਾਪਤ ਕੀਤੀ।

**ਕੀਰਤਨ ਸੰਗਤ:-** ਪ੍ਰੋ ਸਾਹਿਬ ਜੀ ਨੇ ਕੀਰਤਨ ਸੰਗਤ ਭਾਈ ਪੂਰਨ ਸਿੰਘ ਰਾਗੀ (ਤਰਨਤਾਰਨ) ਭਾਈ ਅਮੋਲਕ ਸਿੰਘ (ਲਾਹੌਰ) ਤੇ ਭਾਈ ਕਰਮਾ ਜੀ ਰਬਾਬੀ ਨਾਲ ਸੰਗਤ ਕੀਤੀ।

**ਕੀਰਤਨ ਸੇਵਾ :-** ਆਪ ਜੀ ਨੇ ਕੀਰਤਨ ਸੇਵਾ ਜੋ 1945 ਤੋਂ ਅਰੰਭ ਕੀਤੀ। ਗੁਰਦੁਆਰਾ ਸਿੰਘ ਸਭਾ ਮੰਡੀ ਰੀਨਾਲਾ ਖੁਰਦ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ), ਗੁਰਦੁਆਰਾ ਸਿੰਘ ਸਭਾ, ਗੁਜਰਾਂਵਾਲਾ (ਪਾਕਿਸਤਾਨ),

ਗੁਰਦੁਆਰਾ ਮੰਜੀ ਸਾਹਿਬ ਕਰਨਾਲ, ਗੁਰਦੁਆਰਾ ਦੁਆਬਾ ਸਿੰਘ ਸਭਾ ਜਲੰਧਰ, ਗੁਰਦੁਆਰਾ ਕਲਗੀਧਰ ਸਿੰਘ ਸਭਾ,ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ  ਇਸ ਬਾਅਦ ਸਮੇਂ ਸਮੇਂ ਸ਼੍ਰੀ ਦਰਬਾਰ ਸਾਹਿਬ, ਤਖਤ ਸ੍ਰੀ ਕੇਸਗੜ ਸਾਹਿਬ ਤੇ ਹੁਣ ਤੱਕ ਦੇਸ਼ ਵਿਦੇਸ਼ਾਂ ਦੀਆਂ ਪ੍ਰਮੁੱਖ ਧਾਰਮਿਕ ਸਟੇਜਾ ਤੇ ਨਿਰੰਤਰ ਜਾਰੀ ਹੈ।

**ਸੰਗੀਤ ਅਧਿਆਪਕ ਖੇਤਰ :–** 1968 ਤੋਂ 1971 ਤੱਕ ਤਿੰਨ ਸੈਸ਼ਨ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ, 1971 ਤੋਂ 1997 ਤੱਕ  ਗੁਰੂ ਨਾਨਕ ਗਰਲਜ਼ ਕਾਲਜ, ਮਾਡਲ ਟਾਊਨ, ਲੁਧਿਆਣਾ ਵਿੱਚ ਸੰਗੀਤ ਵਿਭਾਗ ਦੇ ਮੁਖੀ ਤੇ 17 ਦਸੰਬਰ 1999 ਤੋਂ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਡਾਇਰੈਕਟਰ ਵਜੋਂ ਨਿਰੰਤਰ ਸੇਵਾ ਨਿਭਾਈ ਜਾ ਰਹੀ ਹੈ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ,ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ, ਥਿਯੂਰੀ ਤੇ ਪ੍ਰੈਕਟੀਕਲ ਸੰਗੀਤ ਗਾਇਨ ਤੇ ਵਾਦਨ ਵਿਸ਼ਿਆਂ ਲਈ ਤਕਰੀਬਨ ਪੰਜ ਦਹਾਕਿਆਂ ਤੋਂ ਐਗਜ਼ੈਮੀਨਰ ਵਜੋਂ ਤੇ ਐਡਵਾਈਜ਼ਰੀ ਕਮੇਟੀ ਦੇ ਮੈਬਰ, ਫੈਕਲਟੀ ਦੇ ਮੈਂਬਰ ਵਜੋਂ ਕੰਮ ਕੀਤਾ ਜਾ ਰਿਹਾ ਹੈ। ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮਿਤਸਰ ਵਲੋਂ ਕੀਰਤਨ ਦੇ ਮਿਆਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਤੇ ਯੋਗ ਰਾਗੀ ਜਥਿਆਂ ਤੇ ਸੰਗੀਤ ਪ੍ਰੋਫੈਸਰਾਂ ਦੀ ਨਿਯੁੱਕਤੀ ਕਰਨ ਲਈ ਸਾਲ 2000 ਤੋਂ ਕੀਰਤਨ ਸਬ ਕਮੇਟੀ ਦੇ ਮੈਂਬਰ ਵਜੋਂ ਵੱਖ-ਵੱਖ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ।

**ਵਿਸੇਸ਼ ਸੇਵਾਵਾਂ :–** ਸ੍ਰੋ. ਗੁ. ਪ੍ਰ ਕਮੇਟੀ  ਅੰਮ੍ਰਿਤਸਰ  ਵਲੋਂ ਪਿਛਲੇ ਕਈ ਦਹਾਕਿਆਂ ਤੋਂ ਮਨਾਈਆ ਜਾ ਰਹੀਆਂ ਪੰਥਕ ਸ਼ਤਾਬਦੀਆਂ ਵਿੱਚ ਰਾਗ ਅਧਾਰਿਤ ਕੀਰਤਨ ਦਰਬਾਰਾਂ ਵਿੱਚ ਕੀਰਤਨ ਸੇਵਾ ਨਿਭਾਈ ਜਾ ਰਹੀ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਲੋਂ ਹਰ ਸਾਲ ਹੋਲੇ ਮਹੱਲੇ ਦੇ ਸਮਾਗਮ ਵਿੱਚ ਬਸੰਤ ਕੀਰਤਨ ਦਰਬਾਰ, ਵਿਸ਼ਾਖੀ ਸਮੇਂ ਦਸਮ ਬਾਣੀ ਦੇ ਰਾਗ ਅਧਾਰਤ ਕੀਰਤਨ ਸੇਵਾ ਤੇ ਪ੍ਰਬੰਧ ਦੀ ਸੇਵਾ ਨਿਭਾ ਰਹੇ ਹਨ।

**ਵਿਦਿਆਰਥੀ ਵਰਗ :–** 1966 ਤੋਂ ਸਥਾਪਿਤ ਸੰਗੀਤ ਭਾਰਤੀ ਲੁਧਿਆਣਾ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਕੇਂਦਰ ਦੇ ਨਾਮ ਤੋਂ  ਅਨੇਕਾਂ ਹੀ ਸੰਗੀਤ ਵਿਦਿਆਰਥੀ ਐਮ.ਏ ਪੱਧਰ ਤੱਕ ਕੀਰਤਨ ਤੇ ਸੰਗੀਤ ਵਿਦਿਆ ਗਾਇਨ, ਵਾਦਨ ਵਿੱਚ ਪ੍ਰਾਪਤ ਕਰ ਰਹੇ ਹਨ। ਆਪ ਜੀ ਵਲੋਂ  ਤਿਆਰ ਕੀਤੇ ਸੈਂਕੜੇ ਹੀ ਰਾਗੀ ਜਥੇ ਸ਼੍ਰੀ ਦਰਬਾਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਦੂਖ ਨਿਵਾਰਨ ਪਟਿਆਲਾ ਤੇ  ਹੋਰ ਪ੍ਰੱਮੁਖ ਸਟੇਜਾਂ ਤੇ ਕੀਰਤਨ ਸੇਵਾ ਨਿਭਾ ਰਹੇ ਹਨ। ਅਨੇਕਾਂ ਹੀ ਵਿਦਿਆਰਥੀ ਪ੍ਰੋਫੈਸਰ, ਸੰਗੀਤ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ।

**ਦੂਰਦਰਸ਼ਨ ਤੇ ਰੇਡੀਓ :–** ਆਲ ਇੰਡੀਆ ਰੇਡੀਓ ਜਲੰਧਰ ਦੀ ਲੋਕਲ ਔਡੀਸ਼ਨ ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾ ਚੁੱਕੇ ਹਨ। ਦੂਰਦਰਸ਼ਨ ਜਲੰਧਰ ਤੇ ਆਪ ਜੀ ਵਲੋਂ ਕਈ ਸ਼ਬਦਾਂ ਦੀ ਰਿਕਾਰਡਿੰਗ ਤੇ ਕਈ ਪ੍ਰੋਗਰਾਮਾਂ ਵਿੱਚ ਮੁਖ ਮਹਿਮਾਨ ਵਜੋ ਸ਼ਾਮਲ ਹੋ ਚੁਕੇ ਹਨ।

**ਰਿਕਾਰਡਿੰਗ :–** ਆਪ ਜੀ ਦੀ ਸਧੀ ਹੋਈ ਅਵਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਧਾਰਤ ਰਾਗਾਂ, ਰਾਗ ਪ੍ਰਕਾਰਾਂ ਤੇ ਮਿਸ਼ਰਤ ਰਾਗਾਂ ਵਿੱਚ  ਸ਼ਬਦ ਬੰਦਸ਼ਾਂ ਤੇ ਪੜਤਾਲਾਂ ਗਾਇਨ ਸ਼ੈਲੀ ਰਿਕਾਰਡਿੰਗ ਵੱਖ-ਵੱਖ ਕੰਪਨੀਆਂ ਨੇ ਸੁਰੱਖਿਅਤ ਕੀਤੀ, ਆਉਣ ਵਾਲੀਆਂ  ਪੀੜੀਆਂ ਨੂੰ ਗੁਰਮਤਿ ਸੰਗੀਤ ਦੀ ਪ੍ਰੰਪਾਗਤ ਕੀਤੀ ਸ਼ੈਲੀ ਸੁਣਾਈ ਜਾ ਸਕੇ। ਗੁਰਮਤਿ ਸੰਗੀਤ ਦੀ ਸੇਵਾ ਸੰਭਾਲ ਲਈ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਲੁਧਿਆਣਾ ਵਲੋਂ 1991

ਤੋਂ ਅਰੰਭੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾ ਦੀ ਲੜੀ ਵਿੱਚ ਹੋਏ ਸਮਾਗਮਾਂ ਵਿੱਚ ਕੀਰਤਨ ਸੇਵਾ ਨਿਭਾਈ, ਰਾਗ ਨਿਰਣਾਇਕ ਕਮੇਟੀ ਦੇ ਮੈਂਬਰ ਵਜੋਂ ਤੇ ਸਮਾਗਮਾਂ ਦੇ ਕੁਆਰਡੀਨੇਟਰ ਤੇ ਹੋਰ ਸੇਵਾਵਾਂ ਵੀ ਨਿਭਾਈਆਂ।

ਰਚਿਤ ਪੁਸਤਕਾਂ :- ਗੁਰਮਤਿ ਸੰਗੀਤ ਦੇ ਦੋ ਪੱਖ ਹਨ ਪਹਿਲਾ ਸ਼ਾਸਤਰ ਪੱਖ ਜਿਸ ਰਾਹੀਂ ਕਿਤਾਬਾਂ ਦਾ ਰੂਪ ਪ੍ਰਦਾਨ ਕਰਕੇ ਸੁਰੱਖਿਅਤ ਕੀਤਾ ਜਾ ਸਕਦਾ ਹੈ। ਦੂਜਾ ਕ੍ਰਿਆਤਮਕ ਪੱਖ ਨੂੰ ਸੰਗੀਤ ਦੇ ਸਾਧਕਾਂ ਦੁਆਰਾ ਹੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਇਹ ਕਠਿਨ ਕਾਰਜ ਨੂੰ ਗੁਰੂ ਸ਼ਿਸ਼ ਦੀ ਪ੍ਰੰਪਰਾ ਹੀ ਖੋਰੇ ਤੋਂ ਬਚਾਅ ਸਕਦੀ ਹੈ, ਗੁਰਮਤਿ ਸੰਗੀਤ ਅਚਾਰੀਆਂ ਪ੍ਰੋ. ਕਰਤਾਰ ਸਿੰਘ ਜੀ ਸਖਸ਼ੀਅਤ ਨੂੰ ਉਹਨਾਂ ਦੀ ਕਠਿਨ ਤਪੱਸਿਆਂ ਦੀ ਸਾਧਨਾ ਕਰਕੇ ਹੀ ਜਾਣਿਆਂ ਜਾ ਸਕਦਾ ਹੈ। ਪ੍ਰੋ. ਸਾਹਿਬ ਜੀ ਉਚ ਕੋਟੀ ਦੇ ਕੀਰਤਨੀਏ ਹਨ ਹਰ ਸਮਾਗਮ ਵਿੱਚ ਨਵੀਆਂ ਸ਼ਬਦ ਬੰਦਸ਼ਾਂ ਤਿਆਰ ਕਰਕੇ ਗਾਉਂਦੇ ਹਨ ਇਹਨਾਂ ਸਬਦ ਬੰਦਸ਼ਾ ਨੂੰ ਕਿਤਾਬੀ ਰੂਪ ਵੀ ਦਿੰਦੇ ਹਨ। ਆਪ ਜੀ ਪਹਿਲੀ ਪੁਸਤਕ 'ਗੁਰਬਾਣੀ ਸੰਗੀਤ ਦਰਪਣ' ਜੋ ਬਹੁਤ ਹੀ ਸਰਲ ਤਰੀਕੇ ਨਾਲ ਸਿਖਲਾਈ ਲਈ ਰਚਿਤ ਕੀਤੀ ਹੈ। ਦੂਸਰੀ 'ਗੁਰੂ ਅੰਗਦ ਦੇਵ ਸੰਗੀਤ ਦਰਪਣ' ਪਾ: ਦੂਜੀ ਦੇ 63 ਸਲੋਕਾਂ ਤੇ ਉਹਨਾਂ ਦੀ ਉਸਤਤ ਵਿੰਚ ਉਚਾਰੀ ਬਾਣੀ ਨੂੰ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਦੇ ਰਾਗਾਂ ਵਿੱਚ ਲਿੱਪੀ ਬੱਧ ਕੀਤਾ ਗਿਆ ਹੈ। ਤੀਸਰੀ ਤੇ ਚੋਥੀ 'ਗੁਰਮਤਿ ਸੰਗੀਤ ਦਰਪਣ' ਭਾਗ-ਪਹਿਲਾ ਤੇ ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖ 31 ਰਾਗਾਂ ਵਿੱਚ ਵਿਸਥਾਰ ਪੂਰਵਕ ਰਾਗਾਂ ਦੀ ਜਾਣਕਾਰੀ ਤੇ ਤੇ ਹਰ ਕਿ ਰਾਗ ਵਿੱਚ ਸਾਢ, ਪੌਣ, ਸੁਆਈ, ਆਪ੍ਰਚਲਿਤ ਤੇ ਪ੍ਰਚਲਿਤ ਤੇ ਸੁਖੈਣ ਤਾਲਾਂ ਵਿੱਚ ਨਿਰਧਾਰਿਤ ਸ਼ਬਦ ਬੰਦਸ਼ਾਂ ਦਰਜ ਕੀਤੀਆਂ ਹਨ। ਇਸ ਤੋਂ ਪਹਿਲਾ ਅਜਿਹੀ ਪੁਸਤਕ ਉਪਲੱਬਧ ਨਹੀਂ ਹੈ। ਪੰਜਵੀ ਪੁਸਤਕ 'ਗੁਰਮਤਿ ਸੰਗੀਤ ਦਰਪਣ' ਭਾਗ-ਤੀਜਾ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਿਸ਼ਰਤ ਤੇ ਰਾਗ ਪ੍ਰਕਾਰਾਂ ਦੇ 32 ਰਾਗ। ਇਹਨਾਂ ਪੁਸਤਕਾਂ ਨਾਲ ਆਉਣ ਨਾਲ ਸੰਗੀਤ ਦੇ ਵਿਦਿਆਰਥੀ ਨੂੰ ਅਨਮੋਲ ਤੋਹਫੇ ਵਜੋਂ ਪ੍ਰਾਪਤ ਹੋ ਗਏ । ਇਹ ਪੰਜੇ ਪੁਸਤਕਾਂ (ਸ਼੍ਰੋ.ਗੁ. ਪ੍ਰ ਕਮੇਟੀ) ਅੰਮ੍ਰਿਤਸਰ ਵਲੋਂ ਹੁਣ ਤੱਕ 32000 ਛੱਪ ਚੁੱਕੀਆਂ ਹਨ। ਆਉਣ ਵਾਲੀਆਂ ਪੀੜੀਆਂ ਗੁਰਮਤਿ ਸੰਗੀਤ ਦੇ ਅਤੁੱਟ ਤੇ ਅਖੁੱਟ ਖਜਾਨੇ ਦੇ ਵਾਰਸ ਬਣ ਗਈਆਂ।

**ਮਾਨ ਸਨਮਾਨ ਤੇ ਪੁਸਕਾਰ :-**

**ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ :-** ਸਿੱਖ ਵੱਰਲਡ ਸੁਸਾਇਟੀ ਵੱਲੋਂ ਮਿਤੀ 9-10-2011 ਨੂੰ ਹੈਲਟਿੰਗ ਹੋਟਲ ਯੂ. ਕੇ ਵਿਖੇ ਸਿੱਖ ਲਾਈਫ ਟਾਇਮ ਐਚੀਵਮੈਂਟ ਪੁਰਸਕਾਰ ਨਾਲ ਸਨਮਾਨਿਤ ਕੀਤਾ।

**ਸੰਗੀਤ ਨਾਟਕ ਅਕੈਡਮੀ ਅਵਾਰਡ** 14-07-09 ਨੂੰ ਰਾਸਟਰਪਤੀ ਸ੍ਰੀ ਮਤੀ ਪ੍ਰਤਿਭਾਦੇਵੀ ਸਿੰਘ ਪਾਟਲ ਨੇ ਵਿਗਿਆਨ ਭਵਨ ਨਵੀਂ ਦਿੱਲੀ ਵਿਖੇ ਗੁਰਬਾਣੀ ਸੰਗੀਤ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਸੰਗੀਤ ਨਾਟਕ ਅਕੈਡਮੀ ਅਵਾਰਡ (ਗੁਰਬਾਣੀ ਸੰਗੀਤ ਅਵਾਰਡ ਪੰਜਾਬ-2008) ਨਾਲ ਸਨਮਾਨਿਤ ਕੀਤਾ। ਸਨਮਾਨ ਵਿੱਚ ਅੰਗ ਵਸਤਰ ਦੁਸ਼ਾਲਾ, ਤਾਮਰਪੱਤਰਾ ਤੇ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਸ਼ਾਮਲ ਹੈ।

**ਸੀਨੀਅਰ ਫੈਲੋਸ਼ਿਪ :-** ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬੀਬੀ ਜਸਬੀਰ ਕੌਰ ਗੁਰਮਤਿ ਸੰਗੀਤ ਸੀਨੀਅਰ ਫੈਲੋਸ਼ਿਪ ਇਕ ਸਾਲ ਲਈ ਇਕ ਲੱਖ ਦੀ ਰਾਸ਼ੀ ਸਨਮਾਨ ਪੱਤਰਾ ਨਾਲ ਡਾ. ਜਸਪਾਲ ਸਿੰਘ ਵੀ.ਸੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ੍ਰੋ. ਗੁ. ਪ੍ਰ ਕਮੇਟੀ ਅੰਮਿਤਸਰ ਨੇ ਪ੍ਰਦਾਨ ਕੀਤੀ।

**ਸ੍ਰੋਮਣੀ ਰਾਗੀ ਅਵਾਰਡ :-** ਸ੍ਰੋਮਣੀ ਗੁ. ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ ਨੇ 8-10-09 ਨੂੰ ਸ੍ਰੋਮਣੀ ਰਾਗੀ ਅਵਾਰਡ ਨਾਲ ਗੁ. ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਸਨਮਾਨਿਤ ਕੀਤਾ।

**ਭਾਈ ਮਰਦਾਨਾ ਅਵਾਰਡ :-** 20-10-09 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਲੋਂ ਗੁਰਮਤਿ ਸੰਗੀਤ ਨੂੰ

ਪ੍ਰਚਾਰਨ ਤੇ ਪ੍ਰਸਾਰਨ ਦੇ ਵੱਡਮੁਲੇ ਯੋਗਦਾਨ ਪਾਉਣ ਲਈ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

**ਕੁਝ ਹੋਰ ਸੰਸਥਾਵਾ ਮਾਨ ਸਨਮਾਨ ਤੇ ਅਵਾਰਡ**

ਗੁਰਮਤਿ ਸੰਗੀਤ ਖੇਤਰ ਵਡਮੁਲੇ ਯੋਗਦਾਨ ਲਈ ਸੰਸਾਰ ਭਰ ਦੀਆਂ ਸਭਾ ਸੁਸਾਇਟੀਆਂ ਤੇ ਸੰਸਥਾਵਾਂ ਨੇ ਅਨੇਕਾਂ ਹੀ ਮਾਨ ਸਨਮਾਨ ਪ੍ਰਦਾਨ ਕੀਤੇ ਉਹਨਾਂ ਵਿਚੋ ਕੁਝ ਕੁ ਸੰਸਥਾਵਾਂ ਦੇ ਨਾਮ ਇਸ ਪ੍ਰਕਾਰ ਹਨ।

ਸਿੱਖ ਬੁੱਧੀਜੀਵੀ ਸੁਸਾਇਟੀ ਲੁਧਿਆਣਾ, ਪੰਜਾਬੀ ਸਹਿਤ ਅਕੈਡਮੀ ਲੁਧਿਆਣਾ, ਤਕਸ਼ਿਲਾ ਐਜੂਕੇਸ਼ਨ ਸੁਸਾਇਟੀ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ਼ ਆਫ ਕਾਮਰਸ ਨਵੀਂ ਦਿੱਲੀ, ਸੰਤ ਗੁਰਮੁਖ ਸਿੰਘ ਅਤੇ ਸਮੂੰਹ ਸੰਗਤ ਗੁ. ਗੁਰੂ ਨਾਨਕ ਸਤਸੰਗ ਸਭਾ ਤਿਲਕ ਨਗਰ ਨਵੀਂ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੁਰ ਸੰਗਮ ਕਲਚਰਲ ਸੁਸਾਇਟੀ, ਸਾਂਈ ਮੀਆਂ ਮੀਰ ਟ੍ਰਸੱਟ , ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਗਲੋਬਲ ਸਿੱਖ ਐਜੂਕੇਸ਼ਨ ਫਾਊਂਡੇਸ਼ਨ, ਸ਼ੁਭ ਕਰਮਨ ਤੇ ਕਬਹੂ ਨ ਟਰੋਂ ਸੁਸਾਇਟੀ ਅੰਮ੍ਰਿਤਸਰ , ਰਾਮਗੜ੍ਹੀਆ ਗਰਲਜ਼ ਕਾਲਜ਼ ਲੁਧਿਆਣਾ, ਗੁਰੂ ਨਾਨਕ ਫਿਫਥ ਸੈਨਟੈਨਰੀ ਸਕੂਲਜ਼ ਵਿਸੇਂਟ ਹਿਲ ਮਸੂਰੀ, ਕੇਸ ਸੰਭਾਲ ਪ੍ਰਚਾਰ ਸੰਸਥਾ ਰਾਣੀ ਕਾ ਬਾਗ ਅੰਮ੍ਰਿਤਸਰ ਦੇ ਲੁਧਿਆਣਾ ਯੂਨਿਟ, ਸੈਂਟਰਲ ਖਾਲਸਾ ਯਤੀਮ ਖਾਨਾ, ਅਤੇ ਭਾਈ ਵੀਰ ਸਿੰਘ ਗੁਰਮਤਿ ਵਿਦਿਆਲਾ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਆਦਿ।

ਜਗਜੀਤ ਸਿੰਘ ਸਿਦਕੀ ਸਾਹਿਬ ਸਟੇਜਾਂ ਤੇ ਬੋਲਦੇ ਸਨ ਕਿ ਜੇ ਘਾਲ ਦਾ ਕੋਈ ਨਮੂੰਨਾ ਲੈਣਾ ਹੋਵੇ, ਸਾਦਗੀ ਦਾ ਕੋਈ ਨਮੂਨਾ ਲੈਣਾ ਹੋਵੇ, ਨਿਮਰਤਾ ਦਾ ਕੋਈ ਮਾਡਲ ਲੈਣਾ ਹੋਵੇ ਵੈਸੇ ਇਹ ਸਾਰਾ ਕੁੱਝ ਇਕੱਲਾ ਇਕੱਲਾ ਲੱਭਣਾ ਵੀ ਬੜਾ ਮੁਸ਼ਕਲ ਹੋ ਜਾਂਦਾ ਹੈ, ਕਈ ਵਾਰ ਇਕੱਠਾ ਹੋ ਜਾਵੇ ਤਾਂ ਪ੍ਰੋ. ਕਰਤਾਰ ਸਿੰਘ ਜੀ ਵਰਗੀ ਸ਼ਖਸੀਅਤ ਬਣ ਜਾਂਦੀ ਹੈ। ਪ੍ਰੋ. ਕਰਤਾਰ ਸਿੰਘ ਜੀ ਦੇ ਪਿਛਲੇ ਪੰਜ ਦਹਾਕਿਆਂ ਦੀ ਅਣਥੱਕ ਮਿਹਨਤ ਸਦਕਾ ਹੀ ਜਿੱਥੇ ਨਿਰਧਾਰਿਤ ਰਾਗਾਂ ਵਿੱਚ ਪ੍ਰਚਿਲਤ ਤੇ ਅਪ੍ਰਚਿਲਤ ਤਾਲਾਂ ਵਿੱਚ ਕੀਰਤਨ ਨੂੰ ਪ੍ਰਚਾਰਿਆ ਹੈ ਉਥੇ ਦਰਜਨਾਂ ਹੀ ਰਾਗੀ ਜੱਥਿਆਂ ਨੂੰ ਰਾਗ ਅਧਾਰਿਤ ਤੰਤੀ ਸਾਜਾਂ ਦੁਆਰਾ ਸਿਖਲਾਈ ਦੇ ਕੇ ਕੀਰਤਨ ਦੀ ਪ੍ਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਮੌਜੂਦਾ ਤੇ ਆਉਣ ਵਾਲੀਆਂ ਪੀੜੀਆਂ ਲਈ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਵਿੱਚ ਸ਼ਬਦਾਂ ਦੀ ਰਿਕਾਰਡਿੰਗ ਕਰਵਾ ਕੇ ਤੇ ਗੁਰਬਾਣੀ ਸ਼ਬਦਾਂ ਨੂੰ ਸਵਰ ਰਚਨਾ ਦੇ ਕੇ ਪੁਸਤਕਾਂ ਦੇ ਰੂਪ ਵਿੱਚ ਛੱਪਵਾ ਕੇ ਬਹੁਤ ਹੀ ਵੱਡਾ ਕਾਰਜ ਕੀਤਾ ਹੈ ਜੋ ਨਿਰੰਤਰ ਜਾਰੀ ਹੈ।

**ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ, ਮੋਬਾ. 98760-47814**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਤੰਤੀ ਸਾਜ਼ ; ਪਿਛੋਕੜ,ਰਚਨਾ ਅਤੇ ਮਹੱਤਵ

## ਹਰਮੰਦਰ ਕੰਗ

ਸਿੱਖ ਧਰਮ ਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ। ਬਾਬੇ ਨਾਨਕ ਤੋਂ ਲੈ ਕੇ ਹੁਣ ਤੱਕ ਜੋ ਵੀ ਘਟਨਾਕ੍ਰਮ ਵਾਪਰਿਆ ਹੈ ਉਹ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਕੋਲ ਮੌਜੂਦ ਹੈ। ਸਾਡੇ ਦਸਾਂ ਗੁਰੂਆਂ ਨੇ ਪੂਰੀ ਜ਼ਿੰਦਗੀ ਦੇ ਤਜਰਬੇ,ਘਟਨਾਵਾਂ,ਸਮਕਾਲੀ ਹਾਲਾਤਾਂ,ਨਾਮ ਸਿਮਰਨ ਅਤੇ ਨਿੱਜੀ ਅਨੁਭਵਾਂ ਨੂੰ ਗੁਰਬਾਣੀ ਦੇ ਰੂਪ ਵਿੱਚ "ਆਦਿ ਗ੍ਰੰਥ" ਵਿੱਚ ਦਰਜ ਕੀਤਾ ਅਤੇ ਸਮੁੱਚੀ ਕੌਮ ਨੂੰ ਉਪਦੇਸ਼ ਦਿੱਤਾ ਕਿ ਕੋਈ ਵੀ ਇਸ ਬਾਣੀ ਨੂੰ ਪੜ੍ਹ ਅਤੇ ਸਮਝ ਕੇ ਅਤੇ ਇਸ 'ਤੇ ਅਮਲ ਕਰਕੇ ਆਪਣਾ ਜੀਵਨ ਤਾਂ ਸਫਲ ਬਣਾ ਹੀ ਸਕਦਾ ਹੈ ਨਾਲ ਹੀ ਮਾਤ ਲੋਕ ਤੋਂ ਮੁਕਤ ਹੋ ਕੇ ਪ੍ਰਮਾਤਮਾ ਨਾਲ ਵੀ ਮਿਲਾਪ ਪਾ ਸਕਦਾ ਹੈ। ਬਾਬੇ ਨਾਨਕ ਨੇ ਖੁਦ ਬਾਣੀ ਦੀ ਰਚਨਾ ਕੀਤੀ ਅਤੇ ਬਾਣੀ ਪੜ੍ਹਨ ਸੁਣਨ ਦੀ ਰੀਤ ਚਲਾਈ। ਗੁਰੁ ਨਾਨਕ ਪਾਤਸ਼ਾਹ ਇੱਕ ਅਦੁੱਤੀ ਸ਼ਖਸੀਅਤ ਹੋਣ ਦੇ ਨਾਲ ਨਾਲ ਇੱਕ ਫਿਲਾਸਫਰ (ਦਾਰਸ਼ਨਕ) ਵੀ ਸਨ ਜੋ ਭਲੀ ਭਾਂਤੀ ਜਾਣਦੇ ਸਨ ਕਿ ਬਾਣੀ ਨੂੰ ਹੋਰ ਵੀ ਇਕਾਗਰਤਾ ਨਾਲ ਵਾਚਿਆ ਜਾ ਸਕਦਾ ਹੈ ਜੇਕਰ ਇਸ ਨਾਲ ਸੰਗੀਤ ਨੂੰ ਜੋੜ ਦਿੱਤਾ ਜਾਵੇ। ਬਾਬੇ ਨਾਨਕ ਨੇ ਹੀ ਮੁੱਢਲੇ ਦੌਰ ਵਿੱਚ ਬਾਣੀ ਦਾ ਗਾਇਨ ਕਰਨ ਦੀ ਨਿਰਾਲੀ ਰੀਤ ਆਰੰਭੀ। ਸ਼ਾਇਦ ਇਹੀ ਕਾਰਨ ਹੈ ਕਿ ਆਦਿ ਬੀੜ ਵਿੱਚ ਸਾਰੀ ਬਾਣੀ ਨੂੰ ੩੧(ਇਕੱਤੀ) ਨਿਰਧਾਰਿਤ ਰਾਗਾਂ ਵਿੱਚ ਦਰਜ ਕੀਤਾ ਗਿਆ ਹੈ। ਬਾਬੇ ਨਾਨਕ ਤੋਂ ਬਾਅਦ ਵੀ ਸਾਰੇ ਨੌਵਾਂ ਗੁਰੂਆਂ ਨੇ ਵੀ ਇਸੇ ਪ੍ਰਥਾ ਨੂੰ ਅੱਗੇ ਤੋਰਿਆ। ਗੁਰੂ ਨਾਨਕ ਪਾਤਸ਼ਾਹ ਖੁਦ ਬਾਣੀ ਦਾ ਗਾਇਨ ਕਰਿਆ ਕਰਦੇ ਸਨ 'ਤੇ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਅਤੇ ਇਸ ਅਲੌਕਿਕ ਜੁਗਲਬੰਦੀ ਵਿੱਚੋਂ ਇੱਕ ਇਲਾਹੀ ਨਾਦ ਪੈਦਾ ਹੁੰਦਾ ਜੋ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੁੰਦਾ। ਭਾਈ ਮਰਦਾਨਾ ਜੀ ਨੂੰ ਗੁਰੁ ਨਾਨਕ ਪਾਤਸ਼ਾਹ ਨਾਲੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। "ਨਾਨਕਸ਼ਾਹੀ ਰਬਾਬ" ਸਾਨੂੰ ਗੁਰੂ ਨਾਨਕ ਪਾਤਸ਼ਾਹ ਨੇ ਈਜਾਦ ਕਰ ਕੇ ਦਿੱਤੀ। ਵਿਗਿਆਨਿਕ ਤੱਥ ਵੀ ਕਹਿੰਦੇ ਹਨ ਕਿ ਮਨੁੱਖ ਦੀ ਪ੍ਰਵਿਰਤੀ ਮੁੱਢ ਤੋਂ ਹੀ ਸੰਗੀਤ ਵੱਲ ਰੁਚਿਤ ਰਹੀ ਹੈ। ਸੋ ਅੱਜ ਵੀ ਜਦੋਂ ਅਸੀਂ ਬਾਣੀ ਅਤੇ ਸੰਗੀਤ ਦੇ ਸੁਮੇਲ ਨੂੰ ਕੀਰਤਨ ਦੇ ਰੂਪ ਵਿੱਚ ਸ਼੍ਰਵਣ ਕਰਦੇ ਹਾਂ ਤਾਂ ਸੁਭਾਵਿਕ ਹੀ ਮਨ ਵਿੱਚ ਮਾਨਸਰੋਵਰ ਝੀਲ ਦੇ ਪਾਣੀ ਜਿਹਾ ਟਿਕਾਅ ਪੈਦਾ ਹੁੰਦਾ ਹੈ 'ਤੇ ਇੱਕ ਅਜੀਬ ਕਿਸਮ ਦਾ ਰਸ ਉਪਜਦਾ ਹੈ ਜਿਸ ਨਾਲ ਇਲਾਹੀ ਅਨੰਦ ਮਿਲਦਾ ਹੈ।

ਜੇਕਰ ਅਸੀਂ "ਗੁਰੂ ਗ੍ਰੰਥ ਸਹਿਬ" ਜੀ ਦੀ ਰਚਨਾਂ 'ਤੇ ਹੋਰ ਡੂੰਘੇਰੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ "ਆਦਿ ਬੀੜ" ਵਿੱਚ ਦਰਜ ਸਮੁੱਚੀ ਬਾਣੀ ਕਾਵਿਕ ਰੂਪ ਵਿੱਚ ਦਰਜ ਕੀਤੀ ਮਿਲਦੀ ਹੈ। ਇਸ ਵਿੱਚ ਭਿੰਨ ਭਿੰਨ ਕਾਵਿਕ ਰੂਪ ਜਿਵੇਂ ਸ਼ਬਦ,ਵਾਰਾਂ,ਸਲੋਕ,ਪੌੜੀਆਂ,ਅਸ਼ਠਪਦੀਆਂ,ਛੰਦ ਆਦਿ ਸਾਰੇ ਹੀ ਕਵਿਤਾ ਦੇ ਰੂਪ ਹਨ ਜਿਨ੍ਹਾਂ ਦਾ ਵਿਸ਼ੇਸ਼ ਤਰੰਨਮ ਵਿੱਚ ਗਾਇਨ ਕੀਤਾ ਜਾ ਸਕਦਾ ਹੈ। ਸੋ ਸਾਰੇ ਹੀ ਗੁਰੂ ਸਹਿਬਾਨਾਂ ਨੇ ਜਿੰਨੀ

ਬਾਣੀ ਗੁਰੂ ਗ੍ਰੰਥ ਸਹਿਬ ਜੀ ਵਿੱਚ ਦਰਜ ਕੀਤੀ,ਉਹ ਸਾਰੀ ਦੀ ਸਾਰੀ ਕਿਸੇ ਨਾਂ ਕਿਸੇ ਨਿਰਧਾਰਿਤ ਸੁਰ ਵਿੱਚ ਗਾਇਨ ਵੀ ਕੀਤੀ ਜਾ ਸਕਦੀ ਹੈ। ਸੋ ਆਦਿ ਬੀੜ ਵਿੱਚ ਸਮੁੱਚੀ ਬਾਣੀ ਨੂੰ ਇਕੱਤੀ ਰਾਗਾਂ ਵਿੱਚ ਦਰਜ ਕੀਤਾ ਗਿਆ ਹੈ।੧੪੩੦ ਅੰਗਾਂ ਵਿੱਚ ਦਰਜ ਬਾਣੀ ਦੇ ੨੦੨੬ ਸ਼ਬਦ,੩੦੫ ਅਸ਼ਟਪਦੀਆਂ,੧੪੫ ਛੰਦ,੨੨ ਵਾਰਾਂ,੪੭੧ ਪੌੜੀਆਂ ਅਤੇ ੬੬੪ ਸਲੋਕਾਂ ਨੂੰ ਕੇਵਲ ਪੜ੍ਹਿਆ ਹੀ ਨਹੀਂ ਬਲਕਿ ਕੀਰਤਨ ਦੇ ਰੂਪ ਵਿੱਚ ਗਾਇਨ ਵੀ ਕੀਤਾ ਜਾ ਸਕਦਾ ਹੈ। ਇਸੇ ਗੱਲ ਨੂੰ ਜਿਹਨ ਵਿੱਚ ਰੱਖ ਕੇ ਸਾਡੇ ਗੁਰੂ ਸਹਿਬਾਨਾਂ ਨੇ ਸਾਜ਼ ਵੀ ਈਜਾਦ ਕੀਤੇ। ਬਾਬੇ ਨਾਨਕ ਨੇ ਰਬਾਬ,ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੰਦਾ ਅਤੇ ਜੋੜੀ,ਗੁਰੂ ਹਰਗੋਬਿੰਦ ਜੀ ਨੇ ਸਾਰੰਗੀ,ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਊਸ ਅਤੇ ਦਿਲਰੁਬਾ ਸਾਜ਼ ਆਪਣੇ ਹੱਥੀਂ ਬਣਾਏ ਅਤੇ ਬਾਣੀ ਦਾ ਕੀਰਤਨ ਕਰਨ ਦੀ ਪਿਰਤ ਪਾਈ ਤੇ ਲੋਕਾਈ ਨੂੰ ਵੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਗਾਉਣ ਸੁਣਨ ਦਾ ਉਪਦੇਸ਼ ਦਿੱਤਾ। ਇਹਨਾਂ ਸਾਰੇ ਸਾਜ਼ਾਂ ਵਿੱਚੋਂ ਗੁਰੂ ਅਰਜਨ ਦੇਵ ਜੀ ਦੁਆਰਾ ਬਣਾਇਆ ਗਿਆ ਸਾਜ਼ "ਜੋੜੀ" ਇੱਕ ਤਾਲ ਦੇਣ ਵਾਲਾ ਸਾਜ਼ ਹੈ। ਇਸ ਸਾਜ਼ ਦੇ ਅਜੋਕੇ ਰੂਪ ਨੂੰ ਹੁਣ ਅਸੀਂ "ਤਬਲਾ" ਕਹਿੰਦੇ ਹਾਂ। ਗੁਰੂ ਸਹਿਬਾਨਾਂ ਦੁਆਰਾ ਬਣਾਏ ਗਏ ਬਾਕੀ ਦੇ ਸਾਰੇ ਸਾਜ਼ਾਂ ਜਿਵੇਂ ਰਬਾਬ,ਸਾਰੰਦਾ,ਸਾਰੰਗੀ,ਤਾਊਸ,ਦਿਲਰੁਬਾ ਨੂੰ "ਤੰਤੀ ਸਾਜ਼" ਕਿਹਾ ਜਾਂਦਾ ਹੈ। ਇਹ ਸਾਜ਼ ਲੋਹੇ ਦੀਆਂ ਤਾਰਾਂ, ਬੱਕਰੇ ਦੀ ਖੱਲ ਅਤੇ ਲੱਕੜ ਤੋਂ ਬਣਾਏ ਜਾਂਦੇ ਹਨ। ਦੇਖਣ ਨੂੰ ਭਾਵੇਂ ਸਾਰੇ ਤੰਤੀ ਸਾਜ਼ ਇੱਕੋ ਜਿਹੇ ਪ੍ਰਤੀਤ ਹੁੰਦੇ ਹਨ ਪਰ ਇਹਨਾਂ ਦੀ ਰਚਨਾਂ ਅਤੇ ਆਕਾਰ ਇੱਕ ਦੂਜੇ ਤੋਂ ਭਿੰਨ ਹੈ। ਨਾਨਕਸ਼ਾਹੀ ਰਬਾਬ ਇੱਕ ਅਤੀ ਸੁਰੀਲਾ ਅਤੇ ਮਧੁਰ ਧੁਨ ਪੈਦਾ ਕਰਨ ਵਾਲਾ ਤੰਤੀ ਸਾਜ਼ ਹੈ ਜੋ ਮਨ ਦੀਆਂ ਡੂੰਘੀਆਂ ਅਤੇ ਸੂਖਮ ਭਾਵਨਾਵਾਂ ਨੂੰ ਸਹਿਜੇ ਹੀ ਟੁੰਬ ਸਕਣ ਦੀ ਸਮਰੱਥਾ ਰੱਖਦਾ ਹੈ। ਆਕਾਰ ਵਿੱਚ ਸਾਰੰਦਾ ਸਾਜ਼ ਰਬਾਬ ਤੋਂ ਥੋੜ੍ਹਾ ਛੋਟਾ ਸਾਜ਼ ਹੈ ਇਸਨੂੰ ਘੋੜੇ ਦੀ ਪੂਛ ਦੇ ਵਾਲਾਂ ਤੋਂ ਬਣੇ ਗਜ਼ ਨਾਲ ਵਜਾਇਆ ਜਾਂਦਾ ਹੈ। ਪੰਚਮ ਪਾਤਸ਼ਾਹ ਆਪ ਸਾਰੰਦਾ ਵਜਾ ਕੇ ਇਲਾਹੀ ਬਾਣੀ ਦਾ ਕੀਰਤਨ ਕਰਿਆ ਕਰਦੇ ਸਨ। ਸੂਖਮ ਸੰਗੀਤਕ ਸੂਝ ਬੂਝ ਵਾਲੇ ਸ੍ਰੀ ਗੁਰੂ ਹਰਗੋਬਿੰਦ ਸਹਿਬ ਜੀ ਨੇ ਸਦੀਆਂ ਪੁਰਾਣੇ ਸਾਜ਼ ਸਾਰੰਗੀ ਨੂੰ ਗੁਰੂ ਦਰਬਾਰ ਵਿੱਚ ਥਾਂ ਦੇ ਕੇ ਸਦਾ ਲਈ ਇਸ ਸਾਜ਼ ਨੂੰ ਸਿੱਖ ਕੌਮ ਦੀ ਵਿਰਾਸਤ ਦਾ ਹਿੱਸਾ ਬਣਾ ਦਿੱਤਾ। ਸਾਰੰਗੀ ਨੂੰ ਵੀ ਗਜ਼ ਨਾਲ ਹੀ ਵਜਾਇਆ ਜਾਂਦਾ ਹੈ। ਸਾਰੰਗੀ ਨੂੰ ਵੀਰ ਰਸੀ ਧੁਨਾਂ ਵਜਾਉਣ ਲਈ ਉੱਤਮ ਮੰਨਿਆਂ ਜਾਂਦਾ ਹੈ। ਗੁਰੂ ਗ੍ਰੰਥ ਸਹਿਬ ਵਿੱਚ ਦਰਜ ੨੨ ਵਾਰਾਂ ਦਾ ਕੀਰਤਨ ਸਾਰੰਗੀ ਨਾਲ ਬੜੀ ਉੱਤਮਤਾ ਨਾਲ ਕੀਤਾ ਜਾ ਸਕਦਾ ਹੈ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣੀ ਅਤੇ ਮਜਲੂਮਾਂ ਦੀ ਰਾਖੀ ਲਈ ਜਿੱਥੇ ਸ਼ਸਤਰ ਬਖਸ਼ਿਸ਼ ਕੀਤੇ ਉੱਥੇ ਗਜ਼ ਨਾਲ ਵਜਾਉਣ ਵਾਲੇ ਦੋ ਸਾਜ਼ ਵੀ ਖਾਲਸੇ ਨੂੰ ਬਖਸ਼ਿਸ਼ ਕੀਤੇ। ਇਹ ਸਾਜ਼ ਹਨ 'ਤਾਊਸ' ਅਤੇ 'ਦਿਲਰੁਬਾ'। ਤਾਊਸ ਸਾਜ਼ ਲੱਕੜ ਨੂੰ ਪੰਛੀ ਮੋਰ ਦੀ ਸ਼ਕਲ ਦਾ ਆਕਾਰ ਦੇ ਕੇ ਬਣਾਇਆ ਗਿਆ ਹੈ। ਫਾਰਸੀ ਭਾਸ਼ਾ ਵਿੱਚ ਮੋਰ ਨੂੰ "ਤਾਊਸ" ਕਿਹਾ ਜਾਂਦਾ ਹੈ। ਗਜ਼ ਨਾਲ ਵਜਾਏ ਜਾਣ ਵਾਲੇ ਤਾਊਸ ਦੀ ਅਸਮਾਨ ਛੂਹਦੀ ਧੁਨ ਇਲਾਹੀ "ਗੁਰ ਸ਼ਬਦ" ਦੇ ਕੀਰਤਨ ਦੇ ਬਹੁਤ ਹੀ ਅਨੁਕੂਲ ਮੰਨੀ ਜਾਂਦੀ ਹੈ। ਤੰਤੀ ਸਾਜ਼ ਤਾਊਸ ਦੀ ਸ਼ਕਲ ਨੂੰ ਬਦਲ ਕੇ ਅਤੇ ਇਸ ਦੇ ਆਕਾਰ ਨੂੰ ਥੋੜ੍ਹਾ ਜਿਹਾ ਛੋਟਾ ਕਰ ਕੇ 'ਦਿਲਰੁਬਾ'ਸਾਜ਼ ਦੀ ਰਚਨਾ ਕੀਤੀ ਗਈ। ਇਸ ਸਾਜ਼ ਦੀ ਸੁਰੀਲੀ ਧੁਨ "ਗੁਰ ਸ਼ਬਦ" ਨਾਲ ਜੁੜ ਕੇ ਪ੍ਰਾਣੀ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੀ ਹੈ।

ਅੱਜ ਕੱਲ੍ਹ ਅਨੇਕਾਂ ਕੀਰਤਨੀ ਜਥੇ "ਗੁਰ ਸ਼ਬਦ" ਦਾ ਕੀਰਤਨ ਕਰਨ ਦੀ ਸੇਵਾ ਨਿਭਾਅ ਰਹੇ

ਹਨ। ਅਜੋਕੀ ਪ੍ਰਚੱਲਤ ਰੀਤ ਅਨੁਸਾਰ ਹੁਣ ਕੀਰਤਨ ਕਰਨ ਵੇਲੇ ਹਾਰਮੋਨੀਅਮ ਸਾਜ਼ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਜਰਮਨ ਦਾ ਸਾਜ਼ ਹੈ। ਪਰ ਜੋ ਆਨੰਦ ਤੰਤੀ ਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਸ਼੍ਰਵਣ ਕਰਨ ਨਾਲ ਪ੍ਰਾਪਤ ਹੁੰਦਾ ਹੈ ਉਸ ਨੂੰ ਬਿਆਨ ਕਰਨਾ ਔਖਾ ਹੈ। ਗੁਰੂ ਸਹਿਬਾਨਾਂ ਦੇ ਬਖਸ਼ਿਸ਼ ਕੀਤੇ ਗਏ "ਤੰਤੀ ਸਾਜ਼ਾਂ" ਦੁਆਰਾ ਨਿਰਧਾਰਿਤ ਰਾਗਾਂ ਵਿੱਚ "ਗੁਰ ਸ਼ਬਦ" ਦੇ ਕੀਰਤਨ ਨੂੰ ਸਮਝਣ ਲਈ ਪ੍ਰਾਣੀ ਨੂੰ ਜਿਆਦਾ ਇਕਾਗਰ ਚਿੱਤ ਹੋਣਾ ਪੈਂਦਾ ਹੈ। ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਜਿਆਦਾਤਰ ਕੀਰਤਨੀ ਜਥੇ "ਆਦਿ ਬੀੜ" ਵਿੱਚੋਂ ਜਿਸ ਸ਼ਬਦ ਦਾ ਗਾਇਨ ਕਰਦੇ ਹਨ, ਉਹਨਾਂ ਨੂੰ ਨਿਰਧਾਰਿਤ ਰਾਗਾਂ ਦੀ ਬਜਾਏ ਆਪਣੀਆਂ ਬਣਾਈਆਂ ਧੁਨਾਂ ਵਿੱਚ ਜਾਂ ਪਹਿਲਾਂ ਤੋਂ ਹੀ ਪ੍ਰਚੱਲਤ ਧੁਨਾਂ ਵਿੱਚ ਢਾਲ ਕੇ ਹੀ ਕੀਰਤਨ ਕਰਦੇ ਹਨ ਜੋ ਕੰਨਾਂ ਦਾ ਕੰਨ ਰਸ ਤਾਂ ਪੂਰਾ ਕਰ ਸਕਦਾ ਹੈ ਪਰ "ਮੂਲ ਤੋਂ ਵਿੱਛੜੀ ਆਤਮਾ" ਨੂੰ ਉਸ "ਮੂਲ" ਨਾਲ ਜੋੜਨ ਦੇ ਸਮਰੱਥ ਨਹੀਂ ਹੋ ਸਕਦਾ। "ਗੁਰ ਸ਼ਬਦ" ਦਾ ਕੀਰਤਨ ਤਾਂ ਪ੍ਰਾਣੀ ਨੂੰ ਇਸ ਬ੍ਰਹਿਮੰਡ ਵਿੱਚ ਵਰਤ ਰਹੇ ਅਕੱਥ "ਪ੍ਰਮਾਤਮਿ ਹੁਕਮ" ਦੀ ਸੂਝ ਪ੍ਰਾਪਤ ਕਰਾ ਕੇ ਉਸ "ਪ੍ਰਮਾਤਮਿ ਹੁਕਮ" ਨਾਲ ਇੱਕ ਸੁਰ ਹੋਣ ਦੀ ਸਮਰੱਥਾ ਪ੍ਰਦਾਨ ਕਰਨ ਵਾਲਾ ਹੋਣਾ ਚਾਹੀਦਾ ਹੈ ਪਰ ਅਜਿਹਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਮਨ ਇਕਾਗਰ ਹੋ ਕੇ ਅਤੇ ਚੰਚਲਤਾ ਛੱਡ ਕੇ "ਗੁਰ ਸ਼ਬਦ" ਨਾਲ ਇੱਕ ਸੁਰ ਹੋਵੇ। ਪਰ ਜੇਕਰ ਸੰਗੀਤ ਵਿੱਚ ਹੀ ਅਜਿਹੀ ਚੰਚਲਤਾ ਭਰ ਦਿੱਤੀ ਜਾਵੇ ਤਾਂ ਮਨ ਟਿਕਣ ਦੀ ਬਜਾਏ ਇੱਧਰ ਉੱਧਰ ਦੌੜੇਗਾ। ਗੁਰਬਾਣੀ ਦਾ ਗਾਇਨ ਆਮ ਗਾਇਨ ਨਹੀਂ ਹੈ। ਸੋ ਗੁਰਮਤਿ ਸੰਗੀਤ ਉਹ ਮਧਿਅਮ ਹੁੰਦਾ ਹੈ ਜਿਸ ਦੇ ਜ਼ਰੀਏ "ਗੁਰ ਸ਼ਬਦ" ਨੇ ਪ੍ਰਾਣੀ ਦੇ ਮਨ ਦੇ ਧੁਰ ਅੰਦਰ ਤੱਕ ਵਸਣਾ ਹੁੰਦਾ ਹੈ। ਕੀਰਤਨ ਦੌਰਾਨ "ਗੁਰ ਸ਼ਬਦ" ਦੀ ਪ੍ਰਧਾਨਤਾ ਦਾ ਹੋਣਾ ਵੀ ਅਤੀ ਜਰੂਰੀ ਹੈ। ਕੀਰਤਨ ਦੌਰਾਨ ਇਸ ਗੱਲ ਨੂੰ ਉਚੇਚੇ ਤੌਰ ਤੇ ਜਿਹਨ ਵਿੱਚ ਰੱਖਿਆ ਜਾਂਦਾ ਹੈ ਕਿ ਸੰਗੀਤ ਸ਼ਬਦ 'ਤੇ ਭਾਰੂ ਨਹੀਂ ਹੋਣ ਦਿੱਤਾ ਜਾਂਦਾ।

ਪ੍ਰਚੱਲਤ ਕੀਰਤਨ ਕਰਨ ਦੇ ਢੰਗਾਂ ਵਿੱਚ ਇਹ ਗੱਲ ਉਚੇਚੇ ਤੌਰ ਤੇ ਰੜਕਦੀ ਹੈ ਕਿ ਇਸ ਵਿੱਚੋਂ ਵਿਰਾਸਤੀ ਸਾਜ਼ (ਗੁਰੂ ਸਾਹਿਬਾਨ ਦੁਆਰਾ ਬਖਸ਼ਿਸ਼ ਕੀਤੇ ਗਏ ਤੰਤੀ ਸਾਜ਼) ਗਾਇਬ ਹਨ। ਅੱਜ ਕੱਲ੍ਹ ਕੀਰਤਨ ਲਈ ਵਰਤਿਆ ਜਾਣ ਵਾਲਾ ਹਰਮੋਨੀਅਮ, ਤੰਤੀ ਸਾਜ਼ਾਂ ਨਾਲੋਂ ਸਿੱਖਣਾ ਸੌਖਾ ਹੈ ਅਤੇ ਇਸ ਸਿੱਖਣ ਦੇ ਸੌਖ ਨੂੰ ਮੁੱਖ ਰੱਖ ਕੇ ਅਸੀਂ ਆਪਣੇ ਗੁਰੂ ਦੁਆਰਾ ਬਖਸ਼ਿਸ਼ ਕੀਤੇ ਸਾਜ਼ਾਂ ਨੂੰ ਛੱਡ ਦਿੱਤਾ ਜੋ ਕਿ ਬਹੁਤ ਹੀ ਵੱਡੀ ਗਲਤੀ ਹੈ ਅਤੇ ਹਰਮੋਨੀਅਮ ਨੂੰ ਫੜ ਲਿਆ। ਇਹ ਲਾਪਰਵਾਹ ਰਵੱਈਆ ਅਪਣਾਉਣ ਵਾਲਿਆਂ ਵਿੱਚ ਕੀਰਤਨ ਕਰਨ ਵਾਲੇ ਰਾਗੀ ਸਿੰਘ ਅਤੇ ਅਸੀਂ ਸਭ ਸ਼ਾਮਲ ਹਾਂ। ਇਹ ਲਾਪਰਵਾਹ ਰਵੱਈਆ ਜਿਹੜਾ ਅਸੀਂ ਸਭ ਨੇ ਅਪਣਾਇਆ ਹੋਇਆ ਹੈ ਨੇ ਗੁਰੂ ਸਾਹਿਬਾਨ ਦੇ "ਰਾਗ ਅਤੇ ਸਾਜ਼" ਦੀ ਵਿਲੱਖਣ ਵਿਰਾਸਤ ਨੂੰ ਤਹਿਸ ਨਹਿਸ ਕਰ ਕੇ ਰੱਖ ਦਿੱਤਾ ਹੈ। "ਗੁਰ ਸ਼ਬਦ" ਦੇ ਵੱਖ ਵੱਖ ਸੂਖਮ ਅਨੁਭਵਾਂ ਨੂੰ ਮਨੁੱਖੀ ਮਨ ਦੇ ਧੁਰ ਅੰਦਰ ਤੱਕ ਲੈ ਜਾਣ ਲਈ "ਗੁਰ ਸ਼ਬਦ" ਦੇ ਸੂਖਮ ਅਤੇ ਕੋਮਲ ਅਨੁਭਵਾਂ ਨੂੰ ਪ੍ਰਗਟਾਉਣ ਵਾਲੇ ਤੰਤੀ ਸਾਜ਼ਾਂ ਦੀ ਲੋੜ ਮਹਿਸੂਸ ਕਰਦਿਆਂ ਹੀ ਸਾਡੇ ਗੁਰੂ ਸਹਿਬਾਨਾਂ ਨੇ ਇਹ ਤੰਤੀ ਸਾਜ਼ ਸਾਡੀ ਝੋਲੀ ਪਾਏ। ਹੁਣ ਜੇਕਰ ਅਸੀਂ ਇਹਨਾਂ ਸਾਜ਼ਾਂ ਨੂੰ ਹੀ ਵਿਸਾਰ ਦੇਵਾਂਗੇ ਤਾਂ ਸ਼ਾਇਦ ਅਸੀਂ "ਗੁਰ ਸ਼ਬਦ" ਦੇ ਮੂਲ ਉਦੇਸ਼ ਨੂੰ ਵਿਸਥਾਰ ਪੂਰਵਕ ਸਮਝ ਸਕਣ ਤੋਂ ਅਸਮਰੱਥ ਹੋਵਾਂਗੇ। "ਆਦਿ ਬੀੜ" ਵਿੱਚ ਦਰਜ ਰਾਗਾਂ ਦਾ ਹਰ ਥਾਂ ਆਪਣਾ-ਆਪਣਾ ਵਿਸ਼ੇਸ਼ ਮਹੱਤਵ ਹੈ। ਇਹਨਾਂ ਰਾਗਾਂ ਵਿੱਚ ਕਿਤੇ ਵੈਰਾਗ ਅਤੇ ਕਿਤੇ ਖੁਸ਼ੀ ਦਾ ਅਨੁਭਵ ਹੈ। ਕਿਤੇ ਮਿਲਾਪ ਦੀ ਖੁਸ਼ੀ ਅਤੇ ਕਿਤੇ ਵਿਛੋੜੇ ਦੀ ਕਸਕ। ਕਿਤੇ ਭਟਕ ਰਹੇ ਮਨ ਦੀ ਅਵਸਥਾ ਅਤੇ ਕਿਤੇ ਪੂਰਨ

ਆਨੰਦ ਦਾ ਅਨੁਭਵ ਹੈ।

ਇਹਨਾਂ ਰਾਗਾਂ ਅਤੇ ਸ਼ਬਦ ਦੇ ਰੂਪ ਵਿੱਚ ਛੁਪਿਆ ਹੋਇਆ ਉਦੇਸ਼ ਸਮਝਣਾ ਕੋਈ ਔਖਾ ਨਹੀ ਬਸ਼ਰਤੇ ਕਿ ਕੋਈ ਗੁਰ ਮਰਿਆਦਾ ਅਨੁਸਾਰ ਸਾਨੂੰ ਸੋਝੀ ਕਰਵਾਉਣ ਵਾਲਾ ਹੋਵੇ। ਹੁਣ ਉਦਾਹਰਣ ਦੇ ਤੌਰ ਤੇ ਹਰ ਰੋਜ਼ ਅਸੀਂ ਗੁਰੂ ਘਰਾਂ ਵਿੱਚ "ਅਨੰਦੁ ਸਾਹਿਬ" ਦੀਆਂ ਛੇ ਪਉੜੀਆਂ ਦਾ ਕੀਰਤਨ ਸ੍ਰਵਣ ਕਰਦੇ ਹਾਂ। ਪਰ ਕਿੰਨੇ ਕੁ ਕੀਰਤਨੀਏ ਹਨ ਜੋ ਪਰਮ ਅਨੰਦ ਦੇਣ ਵਾਲੇ "ਅਨੰਦੁ ਸਹਿਬ" ਦਾ ਕੀਰਤਨ "ਰਾਮਕਲੀ ਰਾਗ" ਵਿੱਚ ਗਾਇਨ ਕਰਦੇ ਹਨ। ਸੋ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਬਾਣੀ ਨੂੰ ਨਿਸ਼ਚਿਤ ਕੀਤੇ ਰਾਗਾਂ,ਨਿਸ਼ਚਿਤ ਕੀਤੇ ਸਮੇਂ ਅਤੇ ਗੁਰੂ ਸਹਿਬਾਨਾਂ ਦੇ ਬਣਾਏ ਗਏ ਸਾਜ਼ਾਂ ਦੁਆਰਾ ਹੀ ਸ੍ਰਵਣ ਕਰੀਏ ਤਾਂ ਜੋ ਰਾਗ ਅਤੇ ਸਾਜ਼ ਦੀ ਧੁਨੀ ਦਾ ਅਨੁਭਵ "ਗੁਰ ਸ਼ਬਦ" ਦੀ ਅੰਦਰੂਨੀ ਭਾਵਨਾ ਨਾਲ ਇੱਕ ਸੁਰ ਹੋ ਕੇ ਸਾਡੇ ਹਿਰਦਿਆਂ ਵਿੱਚ ਵਾਸ ਕਰੇ।

ਖੁਸ਼ੀ ਦੀ ਗੱਲ ਇਹ ਹੈ ਕਿ ਹੁਣ ਬਹੁਤ ਸਾਰੇ ਕੀਰਤਨੀ ਜਥੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਨੂੰ ਤਰਜੀਹ ਦੇ ਰਹੇ ਹਨ। ਬਹੁਤ ਸਾਰੀਆਂ ਅਕੈਡਮੀਆਂ ਵਿੱਚ ਗੁਰਮਤਿ ਸੰਗੀਤ ਦੀ ਸਿੱਖਿਆ ਲੈ ਰਹੇ ਸਿੱਖਿਆਰਥੀ ਵੀ ਨਾਲ ਨਾਲ ਤੰਤੀ ਸਾਜ਼ਾਂ ਨੂੰ ਵਜਾਉਣ ਦੀ ਸਿੱਖਿਆ ਭੀ ਲੈ ਰਹੇ ਹਨ। ਵਿਦੇਸ਼ਾਂ ਵਿੱਚ ਵੀ ਖਾਸ ਕਰ ਇੰਗਲੈਂਡ ਵਿੱਚ ਕਈ ਗੁਰਮਤਿ ਸੰਗੀਤ ਅਕੈਡਮੀਆਂ ਵਿਸ਼ੇਸ਼ ਤੌਰ 'ਤੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਸਿੱਖਿਆ ਪ੍ਰਦਾਨ ਕਰ ਰਹੀਆਂ ਹਨ। ਪੰਜਾਬ ਵਿੱਚ ਜਵੱਦੀ ਟਕਸਾਲ ਵਲੋਂ ਅਜਿਹੇ ਉਪਰਾਲੇ ਨਿਰੰਤਰ ਜਾਰੀ ਹਨ। ਇਸੇ ਟਕਸਾਲ ਵਿੱਚੋਂ ਹੀ ਤੰਤੀ ਸਾਜ਼ਾਂ ਦੀ ਸਿੱਖਿਆ ਲੈ ਕੇ ਅਨੇਕਾਂ ਜਥੇ ਦੇਸ਼ਾਂ ਵਿਦੇਸ਼ਾਂ ਵਿੱਚ ਅੱਜ ਗੁਰੂ ਸਹਿਬਾਨਾਂ ਦੇ ਤੰਤੀ ਸਾਜ਼ਾਂ ਅਤੇ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਦੀ ਰੀਤ ਨੂੰ ਮੁੜ ਸੁਰਜੀਤ ਕਰਨ ਲਈ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ 'ਤੇ ਹੌਲੀ-ਹੌਲੀ ਹੋਰ ਵੀ ਜਿਗਿਆਸੂਆਂ ਨੂੰ ਇਹਨਾਂ ਦੇ ਮਹੱਤਵ ਤੋਂ ਜਾਣੂ ਕਰਵਾ ਰਹੇ ਹਨ। ਇਸ ਸਾਲ ਅਪਰੈਲ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਰੇਗੀਬਰਨ (ਮੈਲਬੌਰਨ) ਦੇ ਸਮੂਹ ਗੁਰੂ ਖਾਲਸੇ ਨੇ ਤੰਤੀ ਸਾਜ਼ਾਂ ਦੁਆਰਾ "ਗੁਰ ਸ਼ਬਦ" ਦਾ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰਨ ਦੇ ਮਾਹਿਰ ਭਾਈ ਮਨਵੀਰ ਸਿੰਘ ਹੋਰਾਂ ਦੇ ਜਥੇ ਨੂੰ ਪੰਜਾਬ ਤੋਂ ਬੁਲਾ ਕੇ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰੰਪਰਾ ਨੂੰ ਮੁੜ ਦੁਆਰਾ ਬਹਾਲ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ ਅਤੇ ਇਹ ਕਾਰਜ ਵਾਹਿਗੁਰੂ ਦੀ ਕਿਰਪਾ ਸਦਕਾ ਸਫਲਤਾ ਪੂਰਵਕ ਚੱਲ ਰਿਹਾ ਹੈ। ਸਾਨੂੰ ਸਾਰਿਆਂ ਨੂੰ ਹੀ ਸਾਡੇ ਗੁਰੂ ਸਹਿਬਾਨਾਂ ਦੀ ਬਖਸ਼ਿਸ਼ ਕੀਤੀ ਵਿਰਾਸਤ ਨਾਲ ਜੁੜਨਾ ਚਾਹੀਦਾ ਹੈ। ਸਾਡੇ ਗੁਰੂ ਸਹਿਬਾਨਾਂ ਵਲੋਂ ਬਖਸ਼ਿਸ਼ ਕੀਤੇ ਇਹ ਤੰਤੀ ਸਾਜ਼ ਕਿਤੇ ਵਿਰਾਸਤੀ ਨਿਸ਼ਾਨੀਆਂ ਹੀ ਨਾ ਬਣ ਕੇ ਰਹਿ ਜਾਣ। ਸੋ ਸਮੁੱਚੀ ਕੌਮ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਗੁਰੂਆਂ ਦੀ ਆਰੰਭੀ ਰੀਤ ਨੂੰ ਸਮਝੀਏ ਅਤੇ ਹੋਰ ਅੱਗੇ ਵਧਾਈਏ। ਸ਼ਬਦ ਅਤੇ ਸੁਰ ਦੇ ਸੁਮੇਲ ਨੂੰ ਗੁਰੂ ਸਹਿਬਾਨਾਂ ਦੇ ਬਚਨਾਂ ਅਤੇ ਆਪਣੇ ਯਤਨਾਂ ਸਦਕਾ ਸਮਝ ਕੇ ਸਮੁੱਚੀ ਲੋਕਾਈ ਦੀ ਭਲਾਈ ਲਈ ਘਾਲਣਾਂ ਘਾਲੀਏ। ਗੁਰ ਫਤਿਹ।

ਫੋਨ-0434288301, e-mail-harmander.kang@gmail.com

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਰਾਗ ਦੇਵਗੰਧਾਰੀ, ਇਕ ਤਾਲ

ਥਾਟ - ਆਸਾਵਰੀ (ਦੋਨੋਂ 'ਗ' ਅਤੇ 'ਧੁ', 'ਨੁ' ਕੋਮਲ)
ਜਾਤੀ-ਸੰਪੂਰਣ-ਸੰਪੂਰਣ
ਸਮਾਂ- ਦਿਨ ਦਾ ਪਹਿਲਾ ਪਹਿਰ
ਵਾਦੀ-ਧੁ
ਸੰਵਾਦੀ-ਗੁ
ਆਰੋਹ-ਸ, ਰ ਗ, ਮ, ਪ, ਧੁ, ਨੁ ਸਂ।
ਅਵਰੋਹ-ਸਂ, ਨੁ ਧੁ, ਪ, ਧੁ ਮ, ਪ ਗੁ ਰ ਸ।
ਮੁੱਖ ਅੰਗ-ਸ ਰ ਗ, ਮ, ਪ ਧੁ-ਪ ਧੁ ਮ ਪ ਗੁ, ਰ ਸ।

ਸਥਾਈ

| | | | | | | | | | | | |
|---|---|---|---|---|---|---|---|---|---|---|---|
| X | | ੦ | | ੨ | | ੦ | | ੩ | | ੪ | |
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ |
| ਸ | ਰੇ | ਗ | ਮ | ਪ | ਧੁ | ਮ | ਪ | ਗੁ | ਰੇ | ਸ | - |
| ਮੈ | S | S | ਪੇ | ਖਿ | ੳ | ਰੀ | S | S | S | S | S |
| ਸ | ਸ | ਸ | ਨ਼ੀ | ਧ਼ੁ | ਪ਼ | ਧ਼ੁ | ਨ਼ੀ | ਸ | ਰੇਗੁ | ਰੇ | ਸ |
| ਊ | ਚਾ | S | ਮੋ | ਹ | ਨੁ | ਸ | ਭ | ਤੇ | ਊS | ਚਾ | S |
| ਧੁ | ਧੁ | ਧੁ | ਪਧੁ | ਨੁੀਧੁ | ਪ | ਧੁ | ਮ | ਪ | ਗੁ | ਰੇ | ਸ |
| ਆ | ਨ | ਨ | ਸਮ | ਸS | ਰਿ | ਕੋ | S | ਊ | ਲਾ | S | ਗੈ |
| ਸਂ | ਸਂ | ਸਂ | ਨੁੀ | ਧੁ | ਧੁ | ਮ | ਪ | ਪ | ਗੁ | ਰੇ | ਸ |
| ਢੂ | ਢਿ | ਰ | ਹੇ | ਹ | ਮ | ਮੂ | S | S | ਚਾ | S | S |

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| X | | ੦ | | ੨ | | ੦ | | ੩ | | ੪ | |
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ |
| ਮ | ਪ | ਪ | ਧੁ | ਧੁ | ਨੁੀ | ਸਂ | - | ਪਧੁ | ਮਪ | ਗੁਰੇ | ਸ |
| ਬ | ਹੁ | ਬੇ | ਅੰ | ਤੁ | ਅਤਿ | ਬ | ਡੋ | ਗਾ | ਹS | ਰੋS | S |
| ਸਂ | ਸਂ | ਸਂ | ਨੁੀ | ਧੁ | ਪ | ਮਪ | ਧੁਪ | ਧੁਮ | ਪਗੁ | ਰੇ | ਸ |
| ਥਾ | ਹ | ਨ | ਹੀ | S | ਅਗ | ਹੂs | SS | SS | ਚਾS | S | S |
| ਮ | ਪ | ਪ | ਧੁ | ਧੁ | ਨੁੀ | ਸਂ | - | ਪਧੁ | ਮਪ | ਗੁਰੇ | ਸ |
| ਤੋ | ਲਿ | ਨ | ਤੁ | ਲੀ | ਐ | ਮੋ | ਲਿ | ਨS | ਮੁS | ਲੀS | ਐ |
| ਸਂ | ਸਂ | ਸਂ | ਨੁੀ | ਧੁ | ਪ | ਮਪ | ਧੁਪ | ਧੁਮ | ਪਗੁ | ਰੇ | ਸ |
| ਕ | ਤ | ਪਾ | ਈਐ | ਮ | ਨ | ਰੂS | ss | SS | ਚਾS | s | s |

ਧੰਨਵਾਦ ਸਹਿਤ 'ਕਰਤਾ : ਨਮੋ ਗੀਤ ਗੀਤੇ' "ਸਿੱਖ ਮਿਸ਼ਨਰੀ ਕਾਲਜ (ਰਜਿ:)"

# ਸੁਰ ਲਿਪੀ ਦੇ ਅਰਥ

## ਅੰਗ ੫੩੪

### ਰਾਗੁ ਦੇਵਗੰਧਾਰੀ ਮਹਲਾ ੫ ਘਰੁ ੫

Raag Dayv-Gandhaaree, Fifth Mehl, Fifth House:

### ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

### ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥

I have seen the Lord to be on high; the Fascinating Lord is the highest of all.

### ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ ॥੧॥ ਰਹਾਉ ॥

No one else is equal to Him - I have made the most extensive search on this. ||1||Pause||

### ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ ॥

Utterly infinite, exceedingly great, deep and unfathomable - He is lofty, beyond reach.

### ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ ॥੧॥

His weight cannot be weighed, His value cannot be estimated. How can the Enticer of the mind be obtained? ||1||

### ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ ॥

Millions search for Him, on various paths, but without the Guru, none find Him.

### ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ ॥੨॥੧॥੩੨॥

Says Nanak, the Lord Master has become Merciful. Meeting the Holy Saint, I drink in the sublime essence. ||2||1||32||

ੴ

ਗੁਰਬਾਣੀ ਕੀਰਤਨ

ਪ੍ਰਸਿੱਧ ਕੀਰਤਨੀਏ

## ਭਾਈ ਬਖਸ਼ੀਸ਼ ਸਿੰਘ ਜੀ

Dedicated to : S. Harkishan Singh Dhupia

Special thanks S. Mohinder Singh Bindra

**Live MP3**

**AMRIT KIRTAN**

# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਐਡਰੈੱਸ,
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**

Postal Regd. No. G/CDH/0045/2012-14 RNI Regd. No. 46788/89 ISSN 0972-2335

